ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 15
ਅਪ੍ਰੈਲ - ਜੂਨ 2017

**ਸਰਪ੍ਰਸਤ :**

ਡਾ. ਕਰਮਜੀਤ ਸਿੰਘ ਨਡਾਲਾ
ਪ੍ਰੀਤਮ ਸਿੰਘ ਨੌਰੰਗਪੁਰ

**ਮੁੱਖ ਸੰਪਾਦਕ :**

ਡਾ. ਜਸਵੰਤ ਬੇਗੋਵਾਲ

**ਆਨਰੇਰੀ ਸੰਪਾਦਕ :**

ਸਤਵਿੰਦਰ ਬੇਗੋਵਾਲੀਆ
98154-65620

**ਸਹਿ ਸੰਪਾਦਕ**

ਰਤਨ ਟਾਹਲਵੀ

**ਪ੍ਰਬੰਧਕੀ ਬੋਰਡ :**

ਰਮੇਸ਼ ਚੰਦਰ ਗਾਂਧੀ
ਜਸਵੰਤ ਸਿੰਘ ਫਰਾਂਸ
ਸਰੂਪ ਸਿੰਘ ਖਾਸਰੀਆ
ਕਸ਼ਮੀਰ ਸਿੰਘ ਮੁਲਤਾਨੀ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ
ਬਬਲਾ ਬੇਗੋਵਾਲ

## ਇਸ ਅੰਕ ਦੇ ਲੇਖਕ

ਕਹਾਣੀ/ ਮਿੰਨੀ ਕਹਾਣੀ
ਕਰਮਜੀਤ ਸਿੰਘ ਨਡਾਲਾ, ਭੀਮ ਸਿੰਘ ਗਰਚਾ, ਪ੍ਰੋ. ਬਲਦੇਵ ਸਿੰਘ ਵਾਲੀਆ, ਸੁਰਜੀਤ ਦਵੇਲ, ਸੁਖਚੈਨ ਸਿੰਘ ਭੰਡਾਰੀ, ਰਜੇਸ਼ ਗੁਪਤਾ

**ਇਕਾਂਗੀ**
ਸਤਵਿੰਦਰ ਬੇਗੋਵਾਲੀਆ

**ਨਿਬੰਧ**
ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਭਾਈ ਧੰਨਾ ਸਿੰਘ ਦਾ ਪਿੰਡ ਨੌਸ਼ਹਿਰਾ ਪਨੂੰਆਂ

**ਕਵਿਤਾਂਵਾਂ, ਗੀਤ ਅਤੇ ਗਜ਼ਲਾਂ,**
ਪ੍ਰੋ. ਕੁਲਵੰਤ ਔਜਲਾ, ਸੁਖਚੈਨ ਸਿੰਘ ਭੰਡਾਰੀ, ਪੋਰਿੰਦਰ ਸਿੰਗਲਾ, ਜਗਜੀਤ ਸਿੰਘ ਗੁਰਮ, ਬਿਸਮਿਲ ਫਰੀਦਕੋਟੀ, ਮਹਿੰਦਰ ਮਾਨ, ਜਗਜੀਤ ਸਿੰਘ ਗੁਰਮ, ਅਜੀਤ ਸਿੰਘ ਰਾਹੀ, ਪ੍ਰਤਾਪ 'ਪਾਰਸ' ਗੁਰਦਾਸਪੁਰੀ, ਸਰਦੀਰ ਪੰਛੀ, ਗੁਰਵਿੰਦਰ ਸੈਣੀ, ਕੁਲਦੀਪ ਕੌਰ ਚੱਠਾ, ਪ੍ਰੋ. ਜਸਵੰਤ ਸਿੰਘ ਕੈਲਵੀ, ਪ੍ਰਤਾਪ 'ਪਾਰਸ' ਗੁਰਦਾਸਪੁਰ, ਸੁਖਵਿੰਦਰ ਸਿੰਘ ਲੋਟੇ, ਬਲਵਿੰਦਰ 'ਬਾਲਮ' ਗੁਰਦਾਸਪੁਰ, ਦਿਲਰਾਜ ਦਰਦੀ, ਰਣਜੀਤ ਅਜ਼ਾਦ ਕਾਂਝਲਾ

**ਸਮੀਖਿਆ**
ਡਾ. ਕਰਮਜੀਤ ਸਿੰਘ ਨਡਾਲਾ

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ
* ਸਤਵਿੰਦਰ ਬੇਗੋਵਾਲੀਆ, ਵਾਰਡ ਨੰ. 2,
ਟਾਂਡਾ ਰੋਡ ਬੇਗੋਵਾਲ (ਕਪੂਰਥਲਾ)-144621

Email : daljit44411@yahoo.co.in

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



*ਸੰਪਾਦਕੀ*

# ਮੀਡੀਏ ਦੀ ਨਿਰਪੱਖਤਾ - ਅਹਿਮ ਜ਼ਰੂਰਤ

ਲੋਕਤੰਤਰ ਵਿੱਚ ਚੌਥਾ ਥੰਮ ਮੀਡੀਆ ਹੈ। ਮੀਡੀਏ ਤੋਂ ਬਿਨਾਂ ਲੋਕਤੰਤਰ ਦੀ ਰੂਹ ਨੂੰ ਜਿਉਂਦਾ ਰੱਖਣਾ ਅਸੰਭਵ ਹੈ। ਪ੍ਰਿੰਟ ਮੀਡੀਆ ਲੰਬੇ ਸਮੇਂ ਤੋਂ ਅਖ਼ਬਾਰਾਂ ਅਤੇ ਰਸਾਲਿਆਂ ਰਾਹੀਂ ਲੋਕਾਂ ਨਾਲ ਖ਼ਬਰਾਂ ਅਤੇ ਸੰਪਾਦਕੀਆਂ ਆਦਿ ਰਾਹੀਂ ਜੁੜਿਆ ਹੋਇਆ ਹੈ। ਕੁਝ ਸਾਲ ਪਹਿਲਾਂ ਇਲੈਕਟਰਾਨਿਕ ਮੀਡੀਏ ਨੇ ਅਜਿਹੀ ਦਸਤਕ ਦਿੱਤੀ ਕਿ ਟੀ.ਵੀ. ਚੈਨਲਾਂ ਦਾ ਜਾਲ ਵਿੱਛ ਗਿਆ ਜੋ ਲੋਕਾਂ ਦੇ ਵਿਹੜਿਆਂ ਤੱਕ ਪੈਰ ਪਸਾਰਨ ਵਿੱਚ ਸਫ਼ਲ ਰਿਹਾ। ਪਰ ਕੁਝ ਚੈਨਲਾਂ ਅਤੇ ਕੁਝ ਅਖ਼ਬਾਰਾਂ ਨੇ ਅਜਿਹਾ ਪੈਂਤੜਾ ਅਪਣਾਇਆ ਕਿ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ। ਇਸ ਸਬੰਧੀ ਬੁੱਧੀਜੀਵੀਆਂ ਨੇ ਵਿਭਿੰਨ ਮੰਚਾਂ ਤੇ ਸੈਮੀਨਾਰ ਵੀ ਕਰਵਾਏ। ਬੁਲਾਰਿਆਂ ਨੇ ਮੀਡੀਏ ਦੇ ਪੱਖਪਾਤੀ ਹੋਣ ਤੇ ਤਿੱਖੇ ਵਿਅੰਗ ਬਾਣ ਛੱਡੇ ਅਤੇ ਮੀਡੀਏ ਨੂੰ ਅਪੀਲ ਵੀ ਕੀਤੀ ਕਿ ਪੱਖਪਾਤੀ ਮੀਡੀਆ ਲੋਕ ਹਿੱਤਾਂ ਦਾ ਘਾਣ ਕਰਨ ਤੋਂ ਗੁਰੇਜ਼ ਕਰੇ। ਮੀਡੀਏ ਦੇ ਇੱਕ ਹਿੱਸੇ ਵੱਲੋਂ ਪੇਡ ਨਿਊਜ਼ ਸਬੰਧੀ ਜੋ ਪਿਰਤ ਪਾਈ ਗਈ ਹੈ, ਉਸ ਨੂੰ ਜਾਗਰੂਕ ਲੋਕਾਂ ਨੇ ਚੰਗਾ ਨਹੀਂ ਮੰਨਿਆ ਅਤੇ ਪਸੰਦ ਵੀ ਨਹੀਂ ਕੀਤਾ। ਅੱਜ ਦੇ ਲੋਕਤੰਤਰ ਵਿੱਚ ਮੀਡੀਆ ਲੋਕਾਂ ਦੀਆਂ ਅੱਖਾ ਅਤੇ ਕੰਨ ਦੇ ਰੂਪ ਵਿੱਚ ਕੰਮ ਕਰਦਾ ਹੈ। ਪੇਡ ਨਿਊਜ਼ ਰਾਹੀਂ ਛਪੀਆਂ ਖ਼ਬਰਾਂ ਇਕਤਰਫ਼ਾ ਤੇ ਗਲਤ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਕਈ ਚੈਨਲ ਕਿਸੇ ਵੀ ਖ਼ਬਰ ਨੂੰ ਦਿਖਾਉਣ ਮੌਕੇ ਉਸ ਦੇ ਕਈ ਰੰਗ ਰੂਪ ਦਿਖਾਉਂਦੇ ਹਨ ਕਿ ਸਥਿਤੀ ਉਲਝਣ ਭਰੀ ਬਣ ਜਾਂਦੀ ਹੈ।

ਪੇਡ ਨਿਊਜ਼ ਸੰਬੰਧੀ ਚਿੰਤਾ ਜ਼ਾਹਿਰ ਕਰਦੇ ਹੋਏ 'ਰੋਜ਼ਾਨਾ ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ 'ਅਜੀਤ' ਦੇ ਮੁੱਖ ਪੰਨੇ ਤੇ ਸੰਪਾਦਕੀ ਦੇ ਰੂਪ ਵਿੱਚ ਉਸਾਰੂ ਅਤੇ ਲੋਕਪੱਖੀ ਸ਼ਬਦ ਲਿਖੇ। 'ਪੰਜਾਬੀ ਟ੍ਰਿਬਿਊਨ' ਨੇ ਵੀ ਪਹਿਲਾਂ ਵਾਂਗ ਨਿਰਪੱਖਤਾ ਸਹਿਤ ਸਾਫ਼ ਸੁਥਰੀ ਪਹੁੰਚ ਅਪਣਾਉਂਦੇ ਹੋਏ ਆਪਣੇ ਮਿਆਰ ਨੂੰ ਕਾਇਮ ਰੱਖਿਆ। ਪਰ ਕੁਝ ਅਖ਼ਬਾਰਾਂ ਹੁਣੇ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਪਣੀਆਂ ਖ਼ਬਰਾਂ ਅਤੇ ਲੇਖਾਂ ਵਿੱਚ ਚਿੱਟੇ ਦਿਨ ਪੱਖਪਾਤੀ ਹੋਣ ਦੇ ਨਵੇਂ ਰਿਕਾਰਡ ਬਣਾਏ। ਅਜਿਹਾ ਕਰਨ ਨਾਲ ਆਮ ਲੋਕਾਂ ਨੂੰ ਥੋੜੇ ਸਮੇਂ ਲਈ ਭਟਕਾਇਆ ਜਾ ਸਕਦਾ ਹੈ ਪਰ ਸਿਧਾਂਤਕ ਤੌਰ ਤੇ ਅਜਿਹੀਆਂ ਅਖ਼ਬਾਰਾਂ/ਚੈਨਲ ਅਪਾਹਜ ਹੋ ਜਾਂਦੇ ਹਨ। ਸਮੇਂ ਦੀ ਮੁੱਖ ਜ਼ਰੂਰਤ ਹੈ ਕਿ ਚੰਗਾ ਤੇ ਨਰੋਆ ਸਮਾਜ ਸਿਰਜਣ ਲਈ ਮੀਡੀਆ ਨੂੰ ਨਿਰਪੱਖ ਚਲਣਾ ਚਾਹੀਦਾ ਹੈ, ਨਹੀਂ ਤਾਂ ਸੋਸ਼ਲ ਮੀਡੀਏ ਤੇ ਨਿਰਭਰਤਾ ਹੋਰ ਵੀ ਵੱਧ ਜਾਵੇਗੀ।

**-ਸੰਪਾਦਕੀ ਮੰਡਲ**

# ਮਿੰਨੀ ਕਹਾਣੀਆਂ/ਕਹਾਣੀਆਂ

## ਕੁਵੇਲਾ

*ਡਾ. ਕਰਮਜੀਤ ਸਿੰਘ ਨਡਾਲਾ*

ਗਾਂ ਅੜਿੰਗਦੀ ਖੌਰੂ ਪਾ ਰਹੀ ਸੀ। ਨਾ ਉਹ ਆਪ ਟਿਕ ਰਹੀ ਸੀ ਨਾ ਕਿਸੇ ਘਰਦੇ ਜੀਅ ਨੂੰ ਸੌਣ ਦੇ ਰਹੀ ਸੀ।

ਅਚਾਨਕ ਅੱਧੀ ਰਾਤ ਨੂੰ ਬਾਹਰ ਤੂਫ਼ਾਨ ਮੱਚ ਗਿਆ ਤੇ ਨਾਲ ਹੀ ਕਿਣਮਿਣ ਵੀ ਸ਼ੁਰੂ ਹੋ ਗਈ। ਬਿਜਲੀ ਬੰਦ ਹੋ ਗਈ। ਸਾਰੇ ਪਾਸੇ ਹਨ੍ਹੇਰਾ ਛਾਅ ਗਿਆ।

ਅਸਮਾਨ 'ਚ ਇਕਦਮ ਬਿਜਲੀ ਬੜੀ ਜ਼ੋਰ ਦੀ ਕੜਕੀ। ਚਾਨਣ ਹੀ ਚਾਨਣ ਹੋ ਗਿਆ। ਜਗੀਰ ਸਿੰਘ ਨੇ ਅੱਬੜਵਾਹੇ ਵਿਹੜੇ ਵੱਲ ਦੇਖਿਆ। ਗਾਂ ਤਾਂ ਹੈ ਨਹੀਂ ਸੀ, ਕਿੱਲਾ ਤੁੜਾ ਕੇ ਕਿਤੇ ਭੱਜ ਗਈ ਜਾਪਦੀ ਸੀ।

ਉਹਨੇ ਹਾਲ-ਪਾਰਿਆ ਕੀਤੀ ਤਾਂ ਸਾਰਾ ਟੱਬਰ 'ਕੱਠਾ ਹੋ ਗਿਆ।

"....ਮੁੰਡਿਓ ਸਵੇਰ ਦੀ ਗਾਂ ਅੜਿੰਗਣ ਡਹੀ ਸੀ.... ਆਖਰ ਹੁਣ ਕਿੱਲਾ ਤੁੜਵਾਅ ਗਈ ਏ.... ਹੁਣ ਭੁਗਤੋ ਅੰਜਾਮ... ਜੇ ਟੈਮ ਸਿਰ ਉਹਨੂੰ ਕਿਸੇ ਸਾਨ੍ਹ ਕੋਲ ਲੈ ਜਾਂਦੇ ਤਾਂ ਆਹ ਕੁਝ ਨਹੀਂ ਸੀ ਹੋਣਾ... ਹੁਣ ਇਵੇਂ ਕਰੋ, ਤੁਸੀਂ ਬਾਹਰ ਜਾ ਕੇ ਲੱਭੋ.... ਮੈਂ ਏਥੇ ਕਿਤੇ ਦੇਖਦਾਂ...।"

ਮੁੰਡੇ ਬਾਹਰ ਨੂੰ ਭੱਜੇ ਤੇ ਜਗੀਰ ਸਿੰਘ ਘਰ ਦੇ ਖੂੰਜੇ ਦੇਖਣ ਲੱਗ ਪਿਆ। ਜਦੋਂ ਉਹ ਠੇਡੇ ਖਾਂਦਾ ਵੱਡੇ ਸਾਰੇ ਵਿਹੜੇ ਦੇ ਇੱਕ ਪਾਸੇ ਬਣੀ ਬੈਠਕ ਕੋਲ ਗਿਆ ਤਾਂ ਅੰਦਰੋਂ ਕੁਝ ਖੜਕਿਆ। ਉਹਨੇ ਬਿੜਕ ਲੈਂਦਿਆਂ, ਬੂਹਾ ਖੋਲਿਆ। ਟਾਰਚ ਮਾਰੀ। ਉਹ ਹੈਰਾਨ ਰਹਿ ਗਿਆ। ਉਹਦੀ ਕੁੜੀ ਸੁੱਖੋ, ਗੁਆਂਢੀਆਂ ਦੇ ਮੁੰਡੇ ਜੈਲੀ ਨਾਲ ਇਵੇਂ ਪਈ ਸੀ ਜਿਵੇਂ ਦੋ ਰੂਹਾਂ ਇਕਮਿਕ ਹੋਈਆਂ, ਕਰਾਰੇ ਸਾਹ ਲੈ ਰਹੀਆਂ ਹੋਣ।

ਉਹਦਾ ਗੁੱਸਾ ਸੱਤ ਅਸਮਾਨੇ ਜਾ ਪਹੁੰਚਾ।

"ਕੁੱਤੀਏ ਏਥੇ ਕੰਜਰ ਨਾਲ ਖੇਹ-ਖਾਣ ਡਹੀ ਏਂ.....ਅਸੀਂ ਬਾਹਰ ਗਾਂ ਲੱਭਣ ਡਹੇ ਆਂ... ਸ਼ਰਮ ਕਰ ਬੇਸ਼ਰਮੇਂ।... ਅੱਜ ਵੱਢਦਾਂ ਤੈਨੂੰ...।"

"ਭਾਪਾ ਤੈਨੂੰ ਗਾਂ ਅੜਿੰਗਦੀ ਤਾਂ ਰਾਤ ਨੂੰ ਸੁਣਾਈ ਦੇ ਗਈ... ਮੈਂ ਚਾਲੀਆਂ ਨੂੰ ਢੁਕ ਗਈ ਆਂ, ਤੈਨੂੰ ਮੇਰੀ ਲੰਘਦੀ ਜਾਂਦੀ ਉਮਰ ਕਦੇ ਦਿਖਾਈ ਨਹੀਂ ਦਿੱਤੀ.... ਮੈਂ ਵੀ ਤੈਨੂੰ ਅੜਿੰਗ ਕੇ ਦੱਸਦੀ... ਭਾਪਾ ਮੈਥੋਂ ਨਹੀਂ ਹੁਣ ਤੇਰੇ ਕਿੱਲੇ 'ਤੇ ਬੱਧਿਆਂ ਰਹਿ ਹੁੰਦਾ....

"ਭਾਪਾ... ਓ. ਭਾਪਾ.... ਗਾਂ ਲੱਭ ਪਈ ਏ. ਆਜਾ ਹੁਣ...।"



ਜਗੀਰ ਸਿੰਘ ਉਵੇਂ ਹੀ ਬੂਹਾ ਬੰਦ ਕਰ, ਵਾਪਸ ਆ ਗਿਆ।

"ਭਾਪਾ ਗਾਂ ਨੇ ਤਾਂ ਬਸ ਕਰਾ 'ਤੀ.... ਸਵੇਰੇ ਕਰਦੇ ਆਂ ਇਹਦਾ ਇਲਾਜ...।"

"ਠੀਕ ਏ ਪੁੱਤ, ਇਹ ਤਾਂ ਹੁਣ ਜ਼ਰੂਰੀ ਹੋ ਗਿਐ.... ਸੱਚੀ ਸਿਆਣੇ ਕਹਿੰਦੇ ਨੇ.... ਅੜਿੰਗਦੀ ਗਾਂ ਤੇ ਵਿਆਹੋ ਲੰਘੀ ਕੁੜੀ ਬੜੀ ਖਤਰਨਾਕ ਹੁੰਦੀ ਏ.... ਸਵੇਰੇ ਤੁਸੀਂ ਗਾਂ ਨੂੰ ਸਾਨ੍ਹ ਕੋਲ ਲੈ ਜਾਇਓ ਤੇ ਮੈਂ ਸੁੱਖੀ ਲਈ ਕੋਈ ਰਿਸ਼ਤਾ ਲੱਭਦਾਂ।

**ਵਾਲੀਆ ਹਸਪਤਾਲ**
**ਨਡਾਲਾ** (**ਕਪੂਰਥਲਾ**)
**ਮੋਬ.** 98151-96532

◆◆◆

## ਪੱਕਾ ਇਲਾਜ

**ਭੀਮ ਸਿੰਘ ਗਰਚਾ**

"ਮਖਿਆ ਜੀ" ਸੁਰਜੀਤ ਕੌਰ ਆਪਣੇ ਘਰ ਦੇ ਵਿਹੜੇ 'ਚ ਕੁਰਸੀ 'ਤੇ ਬੈਠੇ ਧੁੱਪ ਸੇਕ ਰਹੇ ਆਪਣੇ ਪਤੀ ਸੇਵਾ ਸਿੰਘ ਦੇ ਨੇੜੇ ਜਾ ਕੇ ਕੁਝ ਤੱਤੀ ਜਿਹੀ ਆਵਾਜ਼ 'ਚ ਬੋਲੀ- "ਬਾਪੂ ਜੀ ਨੇ ਤਾਂ ਬਰਾਂਡੇ ਦਾ ਸਾਰਾ ਫਰਸ਼ ਉਲਟੀਆਂ ਕਰ ਕਰ ਭਰ ਦਿੱਤੈ। ਮੈਥੋਂ ਨਹੀਂ ਹੁਣ ਉਸਦਾ ਗੰਦ ਚੁੱਕਿਆ ਜਾਂਦੈ। ਬੱਸ ਮੇਰੇ ਤਾਂ ਹੱਥ ਖੜ੍ਹੇ ਨੇ।"

ਮੇਵਾ ਸਿੰਘ ਆਪਣੀ ਪਤਨੀ ਦੀ ਗੱਲ ਸੁਣਨ ਸਾਰ ਹੀ ਬੋਲਿਆ - "ਭਾਗਵਾਨੇ, ਜਦੋਂ ਬੰਦਾ ਪੂਰਾ ਬਿਰਧ ਹੋ ਜਾਂਦੈ ਤਾਂ ਕੋਈ ਨਾ ਕੋਈ ਬਿਮਾਰੀ ਤਾਂ ਉਸ ਨੂੰ ਘੇਰੀ ਹੀ ਰੱਖਦੀ ਐ। ਤੂੰ ਫਿਕਰ ਨਾ ਕਰ। ਮੈਂ ਤਾਂ ਬਾਪੂ ਨੂੰ ਇੱਕ ਦੋ ਦਿਨਾਂ 'ਚ ਹੀ ਬਿਰਧ-ਆਸ਼ਰਮ 'ਚ ਛੱਡ ਆਉਣੈ।"

"ਫਿਰ ਤਾਂ ਠੀਕ ਐ।" ਸੁਰਜੀਤ ਕੌਰ ਬੜੇ ਹੀ ਖੁਸ਼ੀ ਭਰੇ ਲਹਿਜ਼ੇ 'ਚ ਬੋਲੀ।

ਘਰ ਦੇ ਮੁੱਖ ਦਰਵਾਜ਼ੇ ਅੱਗੇ ਗਲ੍ਹੀ 'ਚ ਖੜ੍ਹਾ ਪੰਜਵੀਂ 'ਚ ਪੜ੍ਹ ਰਿਹਾ ਉਨ੍ਹਾਂ ਦਾ ਪੁੱਤਰ ਬਿੱਟੂ ਉਨ੍ਹਾਂ ਵਿੱਚ ਹੋਈ ਸਾਰੀ ਗੱਲਬਾਤ ਸੁਣ ਚੁੱਕਾ ਸੀ। ਉਹ ਘਰ ਦੇ ਵਿਹੜੇ 'ਚ ਦਾਖਲ ਹੋਣ ਸਾਰ ਹੀ ਬੋਲਿਆ - "ਡੈਡੀ ਜੀ, ਦਾਦਾ ਜੀ ਤਾਂ ਪੂਰੇ ਬੁੜ੍ਹੇ ਹੋ ਚੁੱਕੇ ਨੇ। ਪਰ ਮੈਂ ਤਾਂ ਪਹਿਲਾਂ ਹੀ ਤੁਹਾਡਾ ਪੱਕਾ ਇਲਾਜ ਕਰ ਦੇਣੈ।"

" ਹੈਂ! ਕਿਵੇਂ ਕਰੇਂਗਾ ਉਇ ਤੂੰ ਸਾਡਾ ਪੱਕਾ ਇਲਾਜ ?" ਮੇਵਾ ਸਿੰਘ ਬਹੁਤ ਹੀ ਹੈਰਾਨੀ ਨਾਲ ਆਪਣੇ ਪੁੱਤਰ ਵੱਲ ਵੇਖਦਾ ਹੋਇਆ ਬੋਲਿਆ।

ਬਿੱਟੂ ਬੜੇ ਹੀ ਭੋਲੇ ਅੰਦਾਜ਼ 'ਚ ਆਖਣ ਲੱਗਾ - "ਡੈਡੀ ਜੀ, ਮੈਂ ਤਾਂ ਤੁਹਾਨੂੰ ਦਾਦਾ ਜੀ ਜਿੰਨੇ ਬੁੜ੍ਹੇ ਹੋਣ ਹੀ ਨਹੀਂ ਦੇਣੈ। ਬੱਸ ਮੈਂ ਤਾਂ ਪਹਿਲਾਂ ਹੀ ਤੁਹਾਨੂੰ ਬਿਰਧ-ਆਸ਼ਰਮ 'ਚ ਛੱਡ ਆਉਣੈ।"

ਹੁਣ ਉਹ ਦੋਵੇਂ ਮੀਆਂ-ਬੀਵੀ ਡੌਰ ਭੌਰ ਜਿਹੇ ਹੋਏ ਇੱਕ ਦੂਜੇ ਦੇ ਮੂੰਹ ਵੱਲ ਵੇਖ ਰਹੇ ਸਨ।

**ਰਾਏਪੁਰ ਰਾਜਪੂਤਾਂ**
**ਡਾਕ. ਬੀਜ਼ਾ** (**ਲੁਧਿਆਣਾ**)
**ਸੰਪਰਕ** 98143-51394

◆◆◆

# ਗੁਲਾਬ ਜਾਮਣਾਂ

ਪਲਾਟ ਦੀ ਰਜਿਸਟਰੀ ਕਰਵਾ ਕੇ ਵਾਪਿਸ ਘਰ ਆਉਂਦੇ ਹੋਏ, ਹਰੀਪਾਲ ਬੱਚਿਆਂ ਨਾਲ ਖੁਸੀ ਸਾਂਝੀ ਕਰਨ ਲਈ ਹਲਵਾਈ ਤੋਂ ਇਕ ਗੁਲਾਬ ਜਾਮਣਾਂ ਦਾ ਡੱਬਾ ਵੀ ਲੈ ਆਇਆ।

ਸਾਰੇ ਪਰਿਵਾਰ ਦੇ ਮੈਂਬਰ ਚਾਹ ਦੀਆਂ ਚੁਸਕੀਆਂ ਭਰਦੇ, ਗਰਮ-ਗਰਮ ਗੁਲਾਬ-ਜਾਮਣ ਬੜੇ ਚਾਅ ਨਾਲ ਖਾਂਦੇ ਖੁਸ਼ੀ 'ਚ ਫੁੱਲੇ ਨਹੀਂ ਸਮਾ ਰਹੇ ਸੀ, ਪਰ ਉਸ ਦੀ ਨੂੰਹ ਦੇ ਮੱਥੇ 'ਤੇ ਪਈਆਂ ਤਿਉੜੀਆਂ ਕੁਝ ਹੋਰ ਹੀ ਕਹਾਣੀ ਪਾ ਰਹੀਆਂ ਸਨ।

"ਕੀ ਗੱਲ ਵੀਰੇ! ਭਾਬੀ ਨੂੰ ਸ਼ੂਗਰ ਦੀ ਪਰਾਬਲਮ ਹੈ?" ਉਸ ਦੀ ਬੇਟੀ ਨੇ ਆਪਣੇ ਵੀਰੇ ਤੋਂ ਵਿਅੰਗਮਈ ਲਹਿਜ਼ੇ 'ਚ ਪੁੱਛਿਆ।

"ਬੀਬੀ ਰਾਣੀਏ! ਡੈਡੀ ਨੂੰ ਵੀਹ ਲੱਖ ਮਿਲਿਆ ਰਿਟਾਇਰਮੈਂਟ 'ਤੇ ਪਰ ਸਾਨੂੰ ਇਕ ਕੌੜੀ ਨ੍ਹੀ ਦਿਖਾਈ। ਤੂੰ ਹੀ ਦੱਸ ਇਹ ਗੁਲਾਬ-ਜਾਮਣ ਮੇਰੇ ਗਲ਼ੇ 'ਚੋਂ ਕਿਵੇਂ ਲੰਘੂਗੀ?"

220-**ਗਰੀਬ ਪਾਰਕ ਕਲੋਨੀ**
**ਸਰਹਿੰਦ ਰੋਡ, ਪਟਿਆਲਾ**-147004
**ਮੋਬਾ**. 96460-24321

◆◆◆

# ਅਹਿਸਾਸ

**ਪ੍ਰੋ. ਬਲਦੇਵ ਸਿੰਘ ਵਾਲੀਆ**

ਨਵੇਂ ਨਵੇਂ ਆਏ ਅਫ਼ਸਰ ਨੇ ਚਪੜਾਸੀ ਨੂੰ ਬੜੇ ਰੋਅਬ ਨਾਲ ਕਿਹਾ, "ਓਏ ਉਰੇ ਆ, ਕੂਲਰ 'ਚੋਂ ਪਾਣੀ ਦਾ ਗਲਾਸ ਭਰ ਕੇ ਮੈਨੂੰ ਪਿਆ। ਤੂੰ ਤਾਂ ਸਟੂਲ ਨਾਲ ਇੰਜ ਆਕੜਿਆ ਬੈਠਾ ਏਂ ਜਿਵੇਂ ਚਿੱਤੜਾਂ ਨਾਲ ਫੈਵੀਕੋਲ ਲਾਈ ਹੋਈ ਹੋਵੇ।"

"ਜੀ ਕੂਲਰ ਤੁਹਾਡੇ ਲਾਗੇ ਪਿਆ ਏ, ਤੁਹਾਨੂੰ ਤਾਂ ਉਠਣ ਦੀ ਵੀ ਲੋੜ ਨਹੀਂ। ਮੈਂ ਤਾਂ ਗਲਾਸ ਧੋ-ਮਾਂਜ ਕੇ ਕੂਲਰ ਦੇ ਨੇੜੇ ਹੀ ਟਿਕਾਇਆ ਹੋਇਆ ਏ" ਚਪੜਾਸੀ ਨੇ ਬੜੀ



ਨਿਮਰਤਾ ਭਰੀ ਆਵਾਜ਼ 'ਚ ਕਿਹਾ।

ਓਏ! ਉੱਠਦਾ ਕਿਉਂ ਨਹੀਂ, ਤੂੰ ਤਾਂ ਸਟੂਲ ਨੂੰ ਛੱਡਦਾ ਈ ਨਹੀਂ, ਗਲੱ ਕੀ ਏ....?" ਖੇਤੀ-ਬਾੜੀ ਅਫ਼ਸਰ ਦੇ ਬੋਲਾਂ ਵਿੱਚ ਬੇਰੁੱਖੀ ਰੜਕਦੀ ਪਈ ਸੀ।" "ਆਖਰ ਮੈਂ ਤੇਰਾ ਬੌਸ ਆਂ ਤੇ ਤੂੰ ਮੇਰਾ ਮੁਤਹਿਤ, ਤੂੰ ਸੇਵਾਦਾਰ ਏਂ, ਸੇਵਾਦਾਰ.... ਸਮਝਿਆ।"

ਪਰ ਚਪੜਾਸੀ ਉਵੇਂ ਹੀ ਬੈਠਾ ਰਿਹਾ ਜਿਵੇਂ ਉਹਨੂੰ ਆਪਣੇ ਅਫ਼ਸਰ ਦੀ ਕੋਈ ਪ੍ਰਵਾਹ ਨਹੀਂ ਸੀ।

"ਬੜੇ ਅਜੀਬ ਆਦਮੀ ਨਾਲ ਵਾਹ ਪਿਐ" ਅਫ਼ਸਰ ਗੁੱਸੇ 'ਚ ਚੀਕਿਆ।

"ਹਾਂ ਜੀ! ਅਫ਼ਸਰ ਤੇ ਸੇਵਕ ਵਾਲੇ ਰਿਸ਼ਤੇ ਦਾ ਮੈਨੂੰ ਖ਼ੂਬ ਪਤਾ ਏ, ਪਰ ਰੱਬ ਨੇ ਤੁਹਾਨੂੰ ਵੀ ਦੋ ਹੱਥ ਦਿੱਤੇ ਹੋਏ ਨੇ, ਜੇ ਆਪ ਹੀ ਪਾਣੀ ਪਾ ਕੇ ਪੀ ਲੈਂਦੇ ਤਾਂ ਪਾਣੀ ਤੁਹਾਨੂੰ ਘਿਓ ਵਾਂਗ ਲਗਣਾ ਸੀ।" ਇਹ ਕਹਿੰਦਿਆਂ ਬਿਕਰਮ ਸਟੂਲ 'ਤੋਂ ਉੱਠਿਆ। ਕੂਲਰ 'ਚੋਂ ਪਾਣੀ ਭਰਕੇ, ਗਲਾਸ, ਸਾਹਬ ਦੇ ਮੇਜ਼ ਤੇ ਜਾ ਰੱਖਿਆ।

"ਅੱਛਾ ਤੂੰ ਸਟੂਲ ਨਾਲ ਜੁੜਿਆ ਰਹੀਂ ਪਰ ਇਕ ਗੱਲ ਸੁਣ ਲੈ, ਮੈਨੂੰ ਤੇਰੀ ਬੋਲੀ ਤਾਂ ਸੁਧਾਰਨੀ ਹੀ ਪਵੇਗੀ।"

"ਜੀ ਪਹਿਲਾ ਅਫ਼ਸਰ ਵੀ ਏਵੇਂ ਹੀ ਆਖਦਾ ਸੀ। ਫਿਰ ਉਸੇ ਨੇ ਕੂਲਰ ਵੀ ਲਿਆ ਦਿੱਤਾ। ਇਹ ਸਿਸਟਮ ਉਸੇ ਨੇ ਹੀ ਸ਼ੁਰੂ ਕਰਵਾਇਆ ਸੀ ਜੀ! ਮੈਥੋਂ ਕੋਈ ਭੁੱਲ ਤਾਂ ਨਹੀਂ ਹੋਈ, ਤੁਸੀਂ ਕੁਝ ਰੁੱਖਾ-ਰੁੱਖਾ ਬੋਲਦੇ ਹੋ, "ਤੁਸੀਂ ਤਾਂ ਮੇਰੇ ਸਾਹਬ ਹੋ।"

ਉਹ ਮਨ ਵਿੱਚ ਸੋਚ ਰਿਹਾ ਸੀ "ਪਹਿਲੇ ਅਫ਼ਸਰ ਦਾ ਹੀ ਵਿਗਾੜਿਆ ਹੋਇਆ ਲਗਦੈ।"

ਅੱਜ ਦਫ਼ਤਰੋਂ ਛੁੱਟੀ ਕਰਕੇ ਬਿਕਰਮ ਖੁਲੇ ਮੈਦਾਨ ਵਿੱਚ ਹੋ ਰਹੀ ਰੈਲੀ 'ਚ ਭਾਗ ਲੈਣ ਲਈ ਚਲੇ ਗਿਆ। ਅਫ਼ਸਰ ਤੁਰਦਾ ਫ਼ਿਰਦਾ ਉਧਰ ਦੀ ਲੰਘਿਆ ਤਾਂ ਕਿਸੇ ਦੀ ਸਪੀਕਰ ਤੋਂ ਆਵਾਜ਼ ਆ ਰਹੀ ਸੀ। ਅਫ਼ਸਰ ਨੇ ਨਿਗ੍ਹਾ ਮਾਰੀ, ਸਟੇਜ ਲੱਗੀ ਹੋਈ ਸੀ ਤੇ ਬੋਲਣ ਵਾਲਾ ਹੋਰ ਕੋਈ ਨਹੀਂ ਸਗੋਂ ਬਿਕਰਮ ਹੀ ਸੀ।

ਬਿਕਰਮ ਸ਼ਿਕਾਗੋ ਦੇ ਸ਼ਹੀਦ ਮਜ਼ਦੂਰਾਂ ਬਾਰੇ ਵਿਸਥਾਰ ਨਾਲ ਦੱਸ ਰਿਹਾ ਸੀ। ਉਹਦੇ ਗਲ ਵਿਚ ਫੁੱਲਾਂ ਦੇ ਹਾਰ ਸਨ, ਲੋਕ ਉਹਦੀ ਗੱਲ ਬੜੇ ਧਿਆਨ ਨਾਲ ਸੁਣ ਰਹੇ ਸਨ।

ਅਫ਼ਸਰ ਨੂੰ ਲੱਗਾ, "ਕਿਤੇ ਉਹਦੀਆਂ ਅੱਖਾਂ ਕੁਝ ਗ਼ਲਤ ਤਾਂ ਨਹੀਂ ਸੀ ਵੇਖ ਰਹੀਆਂ।" ਉਸ ਨੂੰ ਦਫ਼ਤਰ ਵੇਲੇ ਦੀ ਗੱਲਬਾਤ ਚੇਤੇ ਆ ਗਈ। ਬਿਕਰਮ ਤਾਂ ਪਹੁੰਚਿਆ ਹੋਇਆ ਮਜ਼ਦੂਰ ਲੀਡਰ ਹੈ, ਮੈਂ ਕਾਹਨੂੰ ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣਾ ਸੀ। ਹੁਣ ਉਹ ਵੀ ਮਜ਼ਦੂਰਾਂ ਦੇ ਇਕੱਠ 'ਚ ਪਾਸੇ ਖੜਾ ਬਿਕਰਮ ਨੂੰ ਸੁਣ ਰਿਹਾ ਸੀ ਸ਼ਾਇਦ ਬਿਕਰਮ ਦਾ ਭਾਸ਼ਨ ਖਤਮ ਹੋਣ ਵਾਲਾ ਸੀ। ਅਫ਼ਸਰ ਹੌਲੀ ਹੌਲੀ ਸਟੇਜ ਦੇ ਨੇੜੇ ਜਿਹੇ ਚਲੇ ਗਿਆ।

ਬਿਕਰਮ ਨੇ ਭਾਸ਼ਨ ਮੁਕਾਇਆ, ਸਟੇਜ ਤੋਂ ਹੇਠਾਂ ਉਤਰਿਆ, ਸਾਹਿਬ ਦੇ ਗੋਡੇ ਹੱਥ ਲਾਉਣ ਲੱਗਾ। ਪਰ ਸਾਹਿਬ ਨੇ ਉਸ ਨੂੰ ਰੋਕ ਲਿਆ।

"ਓਏ ਬਿਕਰਮ! ਤੂੰ ਤਾਂ ਸੱਚੀ ਮੁਚੀ ਵੱਡਾ ਬੰਦਾ ਏਂ, ਮੈਂ ਤਾਂ ਤੈਨੂੰ ਪਛਾਣ ਹੀ ਨਹੀਂ ਸਕਿਆ, ਮੈਨੂੰ ਮਾਫ਼ ਕਰੀਂ। ਹੁਣ ਉਹ ਦੋਵੇਂ ਇਕ ਦੂਜੇ ਨੂੰ ਜੱਫ਼ੀ 'ਚ ਘੁੱਟ ਰਹੇ ਸਨ।

**ਪਿੰਡ+ ਡਾਕ ਨਡਾਲਾ (ਕਪੂਰਥਲਾ)-144624**

98155-32194

◆◆◆

# ਅਨੈਤਿਕਤਾ

**ਸੁਰਜੀਤ 'ਦੇਵਲ'**

ਪੁਲਿਸ ਇੰਸਪੈਕਟਰ ਨੇ ਮੁਖ਼ਬਰੀ ਦੇ ਆਧਾਰ ਤੇ ਰਾਤ ਨੂੰ ਜਾ ਮੋਟਰ ਵਾਲੇ ਖੇਤ ਛਾਪਾ ਮਾਰਿਆ ਤੇ ਪੱਚੀ ਬੋਰੀਆਂ ਭੁੱਕੀ ਦੀਆਂ ਮੁਜਰਮ ਸਣੇ ਬਰਾਮਦ ਕਰ ਲਈਆਂ। ਗੱਡੀ ਵਿੱਚ ਲੋਡ ਕਰਾ ਕੇ ਅਜੇ ਉਹ ਪੁਲੀਸ ਸਟੇਸ਼ਨ ਲਿਆ ਕੇ ਬੋਰੀਆਂ ਉਤਾਰ ਰਹੇ ਸੀ ਕਿ ਐਨੇ ਨੂੰ ਮੰਤਰੀ ਸਾਬ੍ਹ ਦੀ ਰਿੰਗ ਆ ਗਈ

"ਜਨਾਬ, ਅੱਜ ਕੱਲ ਤਾਂ ਬੜੇ ਚੌਕੰਨੇ ਹੋਏ ਲਗਦੇਓਂ। ਜਿੱਥੇ ਵੀ ਛਾਪੇ ਦੀ ਮਿਜ਼ਾਇਲ ਦਾਗ਼ ਦਿਨੇਓਂ, ਵਾਰ ਖਾਲੀ ਨਹੀਂ ਜਾਂਦਾ। ਹਾਂ ਇੰਸਪੈਕਟਰ ਸਾਬ੍ਹ ਤੁਹਾਨੂੰ ਪਤੈ ਬਈ ਆਪਣੀ ਕੋਠੀ ਦਾ ਨਿਰਮਾਣ ਹੋ ਰਿਹੈ ਤੇ ਲੇਬਰ ਤੋਂ ਕੰਮ ਲੈਣ ਲਈ ਉਨ੍ਹਾਂ ਨੂੰ ਕੰਡੇ ਤੇ ਤਾਂ ਕਰਕੇ ਰੱਖਣਾ ਹੀ ਪੈਣੈ ਿਸ ਲਈ ਤੁਸੀਂ ਦੋ ਬੋਰੀਆਂ ਭੁੱਕੀ ਦੀਆਂ ਭੇਜ ਦੇਣੀਆਂ।"

ਇੰਸਪੈਕਟਰ ਮੰਤਰੀ ਦੀ ਵਾਗਰ ਸੁਣਕੇ ਮੱਥੇ ਤਹੱਤ ਮਾਰ ਕੇ ਬੋਲਿਆ –

'ਪਿੰਡ ਬੱਝਿਆ ਨਈ' ਮੰਗਤੇ ਪਹਿਲਾਂ ਆ ਗਏ।"

ਕੋਲ ਖੜ੍ਹਾ ਏ.ਐਸ.ਆਈ ਵੀ ਮੰਤਰੀ ਨਾਲ ਹੁੰਦੀ ਵਾਰਤਾਲਾਪ ਸੁਣ ਰਿਹਾ ਸੀ। ਇੰਸਪੈਕਟਰ ਦੇ ਚਿਹਰੇ ਤੇ ਉਦਾਸੀ ਦੇ ਚਿੰਨ ਵੇਖ ਕੇ ਉਹ ਮੁਖਾਤਿਬ ਹੋਇਆ–

"ਸਰਦਾਰ ਜੀ, ਤੁਸੀਂ ਫ਼ਿਕਰ ਕਿਉਂ ਕਰਦੇਉਂ। ਜੀਹੀਦ ਵੀ ਵਗਾਰ ਆਉਂਦੀਐ, ਖਿੜੇ ਮੱਥੇ ਪ੍ਰਵਾਨ ਕਰੋ। ਆਪਣੀ ਵੀ ਕਾਰਜਸ਼ੈਲੀ ਤਾਂ ਐਸੀ ਐ ਕਿ ਆਪਾਂ ਨੂੰ ਵੀ ਇਹਨਾਂ ਤੱਕ ਗਰਜ਼ ਪੈਂਦੀ ਰਹਿੰਦੀਐ।"

"ਪਰ ਪੂਰੀਆਂ ਕਿੱਥੋਂ ਕਰਾਂਗੇ?" ਉਸ ਨੇ ਜਾਣ ਕੇ ਅਗਿਆਨਤਾ ਪ੍ਰਗਟ ਕਰਦਿਆਂ ਕਿਹਾ,

"ਇਹ ਤੁਸੀਂ ਮੇਰੇ ਤੇ ਛੱਡੋ।"

ਦਿਨ ਚੜ੍ਹੇ ਛੋਟੇ ਠਾਣੇਦਾਰ ਨੇ ਦੋ ਸਿਪਾਹੀ ਨਾਲ ਗੱਡੀ ਵਿੱਚ ਬਿਠਾਏ ਤੇ ਮਿੱਤਰ ਦੇ ਸੈਲਰ ਜਾ ਪੁੱਜਾ। ਅੱਗੇ ਮਿੱਤਰ ਦਾ ਡੱਡੀ ਧੁੱਪੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਪੁਲੀਸ



ਦੀ ਗੱਡੀ ਵੇਖ ਕੇ ਪਹਿਲਾਂ ਤਾਂ ਉਹ ਭੁਮੱਤਰ ਗਿਆ ਕਿ ਅੱਜ ਤਾਂ ਕਿਸੇ ਡਰਾਇਵਰ ਜਾਂ ਲੇਬਰ ਵਾਲੇ ਨੇ ਕੋਈ ਸਿਆਪਾ ਛੇੜਤਾ। ਪਰ ਜਦੋਂ ਛੋਟੇ ਠਾਣੇਦਾਰ ਨੇ ਕੋਲ ਜਾ ਕੇ ਕਿਹਾ–

"ਬਾਬੂ ਜੀ, ਸਸ ਸਿਰੀ ਕਾਲ।"

ਹੁਣ ਸਹਿਮੇ ਬੈਠੇ ਮਾਲਕ ਦੇ ਸਾਹ ਵਿੱਚ ਸਾਹ ਆਏ ਤੇ ਉਸ ਨੇ ਆਪਣਾ ਅੰਤਰੀਵ ਡਰ ਛੁਪਾਉਂਦਿਆਂ ਚਿਹਰੇ ਤੇ ਬਨਾਵਟੀ ਪ੍ਰਸੰਨਤਾ ਨਾਲ ਜਵਾਬ ਦਿੰਦਿਆਂ ਪੁੱਛਿਆ –

"ਸੱਸ ਸਿਰੀ ਕਾਲ ਜਨਾਬ। ਦੱਸੋ ਕਿਵੇਂ ਦਰਸ਼ਨ ਦਿੱਤੇ ਸਰਕਾਰਾਂ ਨੇ?"

"ਬਾਬੂ ਜੀ, ਮੁਨੀਸ਼ ਬਾਬੂ ਨੂੰ ਮਿਲਣਾ ਸੀ।"

"ਉਹ ਤਾਂ ਭਾਈ ਚੌਲਾਂ ਦਾ ਟਰੱਕ ਲੋਡ ਕਰਵਾ ਰਿਹੈ। ਬੈਠੋ ਹੁਣੇ ਬੁਲਾ ਦਿਨੇ ਆਂ।"

"ਓਹ ਬਹਾਦਰ, ਜਾਹ ਮੁਨੀਸ਼ ਨੂੰ ਬੁਲਾ ਕੇ ਲਿਆ।" ਬਹਾਦਰ ਨੇ ਝੱਟ ਵੱਡੇ ਬਾਬੂ ਦੇ ਹੁਕਮ ਦੀ ਪਾਲਣਾ ਕੀਤੀ ਤੇ ਮੁਨੀਸ਼ ਬਾਬੂ ਨੂੰ ਬੁਲਾ ਲਿਆਇਆ।

ਦੂਰੋਂ ਆਉਂਦਿਆਂ ਮੁਨੀਸ਼ ਨੇ ਛੋਟੇ ਠਾਣੇਦਾਰ ਨੂੰ ਪਛਾਣਦਿਆਂ ਕਿਹਾ –

"ਅੱਜ ਕਿਵੇਂ ਦਰਸਨ ਦਿੱਤੇ ਸਰਦਾਰ ਜੀ ਨੇ, ਹੁਣ ਤਾਂ ਕੋਈ ਤਿੱਥ ਤਿਹਾਰ ਵੀ ਨਹੀਂ?"

"ਮੁਨੀਸ਼ ਬਾਬੂ, ਥੋਨੂੰ ਤਾਂ ਪਤਾ ਈ ਐ। ਪੁਲਿਸ ਵਾਲੇ ਤਾਂ ਜਿੱਥੇ ਵੀ ਜਾਂਦੇ ਨੇ, ਕੁੱਛ ਲੈ ਕੇ ਹੀ ਮੁੜਦੇ ਨੇ। ਅਸੀਂ ਕੋਈ ਤਿੱਥ ਤਿਹਾਰ ਨਹੀਂ ਲੈਣ ਆਏ। ਸਾਨੂੰ ਤਾਂ ਪੰਜ ਸੱਤ ਬੋਰੀਆਂ ਫੱਕਦੀਆਂ ਚਾਹੀਦੀਆਂ ਨੇ।"

"ਫੱਕ ਦੀਆਂ! ਸਰਦਾਰ ਜੀ ਥੋਨੂੰ ਕੀ ਲੋੜ ਪੈ ਗਈ ਫੱਕ ਦੀ?"

"ਬੱਸ ਕੋਈ ਜ਼ਾਬਤਾ ਜਿਹਾ ਪੂਰਾ ਕਰਨੈ।"

ਮੁਨੀਸ਼ ਨੇ ਝੱਟ ਬਹਾਦਰ ਨੂੰ ਕਿਹਾ– "ਬਹਾਦਰ ਇਨ੍ਹਾਂ ਨੂੰ ਉਥੋਂ ਫੱਕ ਦੀਆਂ ਬੋਰੀਆਂ ਚੁਕਾਦੇ ਜਿੰਨੀਆਂ ਇਹ ਪੰਜ ਸੱਤ ਮੰਗਦੇ ਨੇ।"

ਬਹਾਦਰ ਨੇ ਗੱਡੀ ਵਿੱਚ ਫੱਕ ਦੀਆਂ ਬੋਰੀਆਂ ਲੋਡ ਕਰਵਾ ਦਿੱਤੀਆਂ। ਗੱਡੀ ਸੈਲਰ ਵਿੱਚੋਂ ਬਾਹਰ ਇਉਂ ਨਿਕਲੀ ਜਿਵੇਂ ਕੋਈ ਬਹੁਤ ਵੱਡੀ ਜੰਗ ਜਿੱਤੀ ਹੋਵੇ।

**10ਬੀ**/490

**ਨੇੜੇ ਬਾਬਾ ਬਾਲਕ ਨਾਥ ਮੰਦਿਰ,**

**ਧੂਰੀ** -148024

ਮੋ. 92563-67202

◆◆◆

# ਬਾਂਝ

**ਸੁਖਚੈਨ ਸਿੰਘ ਭੰਡਾਰੀ**

ਟਨ...ਟਨ...ਟਨ....ਟਨ....ਟਨ...ਟਨ...ਦੀ ਆਵਾਜ਼ ਗੁਲਸ਼ੇਰਾ ਨੂੰ ਜਗਾ ਦਿੱਤਾ। ਉਸ ਨੇ ਅੱਖਾਂ ਮਲਦਿਆਂ ਹੋਇਆਂ ਦੀਵਾਰ ਉੱਤੇ ਲੱਗੀ ਘੜੀ ਵੱਲ ਦੇਖਿਆ। ਡਾਯਲ ਉੱਤੇ ਚਮਕਦੀਆਂ ਸੂਈਆਂ, ਸਵੇਰ ਦੇ ਪੰਜ ਵੱਜਣ ਦੀ ਸੂਚਨਾ ਦੇ ਰਹੀਆਂ ਸਨ। ਗੁਲਸ਼ੇਰਾ ਨੇ ਹੌਲੀ ਜਿਹੀ ਉਬਾਸੀ ਲੈਂਦੇ ਹੋਏ ਆਪਣੇ ਕੋਲ ਹੀ ਲੇਟੀ, ਆਪਣੀ ਬੀਵੀ ਸੈਬਾਂ ਵੱਲ ਤੱਕਿਆ, ਜਿਹੜੀ ਉਸ ਦੇ ਕੋਲ ਇਸ ਤਰ੍ਹਾਂ ਲੇਟੀ ਹੋਈ ਸੀ ਜਿਵੇਂ ਕੋਈ ਮੁਰਗਾਈ, ਜ਼ਖਮੀ ਹੋ ਕੇ ਪਈ-ਪਈ ਆਖ਼ਰੀ ਹਿਚਕੀ ਦੀ ਉਡੀਕ ਕਰ ਰਹੀ ਹੋਵੇ।

ਉਹ ਕੁਝ ਪਲ ਉਸ ਦੇ ਥੱਕੇ ਹੋਏ ਸਾਹਵਾਂ ਦੀ ਸਰਸਰਾਹਟ ਸੁਣਦਾ ਰਿਹਾ, ਜਿਸ ਦੀ ਇਕਸਾਰਤਾ ਨੂੰ ਕਦੀ-ਕਦੀ ਗਹਿਰੀਆਂ ਸਰਦ ਆਹਵਾਂ ਤੋੜ ਦਿੰਦੀਆਂ ਸਨ। ਉਸ ਦੇ ਮੱਥੇ 'ਤੇ ਫੈਲੀਆਂ ਨਿੱਕੀਆਂ-ਨਿੱਕੀਆਂ ਪਸੀਨੇ ਦੀਆਂ ਬੂੰਦਾਂ, ਮੋਤੀਆਂ ਵਾਂਗ ਝਿਲਮਿਲਾ ਰਹੀਆਂ ਸਨ। ਜਦੋਂ ਉਹ ਸਾਹ ਲੈਂਦੀ ਸੀ ਤਾਂ ਉਸ ਦੀਆਂ ਗੋਲਾਈਆਂ ਹੌਲੀ ਜਿਹੀ ਉਪਰ ਵੱਲ ਉਠ ਜਾਂਦੀਆਂ ਤੇ ਫਿਰ ਜਦੋਂ ਸਾਹ ਹੇਠਾਂ ਵਲ ਮੁੜਦੇ ਤਾਂ ਉਹ ਵੀ ਆਪਣੇ ਵਿਹੜੇ ਵਿੱਚ ਪਰਤ ਕੇ ਗੁਟਕਨ ਲੱਗ ਜਾਂਦੀਆਂ। ਗੁਲਸ਼ੇਰਾ ਸੈਬਾਂ ਦੀ ਉਠਦੀ ਬਹਿੰਦੀ ਹਿੱਕ ਨੂੰ ਬੜੀਆਂ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਰਿਹਾ-ਦੇਖਦਾ ਰਿਹਾ ਤੇ ਫਿਰ ਠੰਡਾ ਸਾਹ ਭਰ ਕੇ ਬੁਦਬੁਦਾਇਆ-'ਕਿੰਨੀਆਂ ਹੁਸੀਨ ਨੇ ਇਹ, ਪਰ....ਪਰ ਇਹ ਖੂਬਸੂਰਤੀ ਕਿਸ ਕੰਮ ਦੀ ਜਦੋਂ ਕਿ ਇਨ੍ਹਾਂ ਵਿੱਚ ਇਕ ਬਾਲ ਨੂੰ ਦੁੱਧ ਪਿਆਉਣ ਦੀ ਤਾਕਤ ਹੀ ਨਹੀਂ ?' ਤੇ ਗੁਲਸ਼ੇਰਾ ਉਦਾਸੀ ਦੇ ਆਲਮ ਵਿੱਚ ਆਪਣੇ ਮੋਢਿਆਂ 'ਤੇ ਕੰਬਲ ਲੈ ਕੇ ਕਮਰੇ 'ਚੋਂ ਬਾਹਰ ਨਿਕਲ ਆਇਆ।

ਦਿਨ ਨਿਕਲਣ ਨੂੰ ਸੀ ਪਰ ਹਵਾ ਵਿੱਚ ਕੁਆਰੀ ਠੰਡਕ ਅਜੇ ਵੀ ਸਮਾਈ ਹੋਈ ਸੀ। ਗੁਲਸ਼ੇਰਾ ਨੇ ਕੰਬਲ ਨੂੰ ਸਾਰੇ ਜਿਸਮ 'ਤੇ ਪੂਰੀ ਤਰ੍ਹਾਂ ਵਲੇਟ ਲਿਆ ਤੇ ਫਿਰ ਬਾਹਰ ਵਿਹੜੇ ਵਿੱਚ ਨਿਕਲ ਆਇਆ। ਉਸ ਨੇ ਦੇਖਿਆ, ਛੱਪਰ ਦੇ ਹੇਠਾਂ ਬੰਨ੍ਹੀ ਹੋਈ ਬੱਕਰੀ ਦਾ ਮੇਮਨਾ ਆਪਣੀ ਨਿਕੜੀ ਜਿਹੀ ਪੂਛ ਨੂੰ ਹਿਲਾ ਕੇ ਆਪਣੀ ਮਾਂ ਦੇ ਥਣਾਂ 'ਚੋਂ ਦੁੱਧ ਪੀਤੀ ਜਾ ਰਿਹੀ ਸੀ। ਦੁੱਧ ਪੀਂਦੇ-ਪੀਂਦੇ ਕਦੀ ਇੱਧਰ ਫੁਦਕਦਾ ਤੇ ਕਦੀ ਉੱਧਰ ਤੇ ਬਕਰੀ ਬੜੇ ਲਾਡ ਨਾਲ ਉਸ ਦੀ ਉਸ ਚੁਹਲ ਨੂੰ ਨਿਹਾਰਦੀ ਜਾ ਰਹੀ ਸੀ।

ਪਤਾ ਨਹੀਂ ਕਿਉਂ, ਇਹ ਸਭ ਦੇਖ ਕੇ ਗੁਲਸ਼ੇਰਾ ਦੀਆਂ ਅੱਖਾਂ ਭਰ ਆਈਆਂ। ਸ਼ਾਇਦ ਉਹ ਅੰਦਰ ਹੀ ਅੰਦਰ ਟੁਟਦਾ ਜਾ ਰਿਹਾ ਸੀ। ਉਹ ਤੜਪਿਆ-'ਹਾਏ ਸੈਬਾਂ। ਕਾਸ਼! ਤੂੰ ਵੀ ਮੈਨੂੰ ਇਸ ਮੇਮਨੇ ਜਿਹਾ ਇੱਕ ਪਿਆਰਾ ਬੱਚਾ ਦੇ ਸਕਦੀ। ਕਦੋਂ ਤੋਂ ਤਰਸ ਰਿਹਾ ਹਾਂ ਕਿਸੇ ਅਜਿਹੀ ਮਾਸੂਮ ਜਿੰਦ ਲਈ ? ਪਰ ਉਫ! ਇੱਕ ਤੂੰ ਹੈਂ ਕਿ ਆਪਣੇ ਅੰਦਰ



ਬਾਂਝ ਧਰਤੀ ਹੀ ਸਮੇਟੀ ਬੈਠੀ ਹੈਂ, ਹਰਿਆਲੀ ਦਾ ਇੱਕ ਅੰਕੁਰ ਵੀ ਨਹੀਂ।... ਕੀ ਮੇਰੇ ਨਸੀਬਾਂ ਵਿੱਚ ਤੂੰ ਹੀ ਬੰਨ੍ਹੀਂ ਸੈਂ ? ਜੇ ਆਉਣਾ ਹੀ ਸੀ ਤਾਂ ਕੁੱਖ ਵਿੱਚ ਬਾਲ-ਕਿਲਕਾਰੀ ਦੀ ਥਾਂ ਲੈ ਕੇ ਆਉਂਦੀ...। ਓ ਸੈਬਾਂ!'

ਤੇ ਆਪਣੇ ਕਦਮਾਂ ਵਿੱਚ ਇਕ ਤੇਜ਼ੀ ਨਾਲ ਗੁਲਸ਼ੇਰਾ ਘਰ 'ਚੋਂ ਨਿਕਲ ਗਿਆ। ਚਲਦੇ-ਚਲਦੇ ਖ਼ਿਆਲਾਂ ਦੇ ਜਵਾਰ ਭਾਟੇ ਵਿੱਚ ਕਦੀ ਡੁਬਦਾ, ਕਦੀ ਤਰਦਾ, ਉਹ ਆਪਣੇ ਲਹਿਲਹਾਂਦੇ ਖੇਤਾਂ ਵਿਚ ਜਾ ਪਹੁੰਚਿਆ। ਫ਼ਸਲਾਂ ਦੀ ਭਿੰਨੀ-ਭਿੰਨੀ ਮਹਿਕ ਚੋਹਵਾਂ ਪਾਸੇ ਖਿਲਰੀ ਹੋਈ ਸੀ। ਇਸ ਮਹਿਕ ਨਾਲ ਗੁਲਸ਼ੇਰਾ ਨੇ ਆਪਣੇ ਅੰਦਰ ਇਕ ਸਕੂਨ ਜਿਹਾ ਮਹਿਸੂਸ ਕੀਤਾ। ਮਨ ਉੱਤੇ ਛਾਈ ਘੁਟਣ, ਹੌਲੀ-ਹੌਲੀ ਧੁੰਧਲਾਣ ਲੱਗੀ ਤੇ ਉਹ ਖ਼ਾਮੋਸ਼ ਜਿਹਾ, ਇਕ ਖੇਤ ਦੀ ਬੰਨੀ ਉੱਤੇ ਬੈਠ ਗਿਆ। ਗਿੱਲੀਆਂ ਪਲਕਾਂ 'ਚੋਂ ਖੇਤ, ਉਸਨੂੰ ਬਹੁਤ ਦੂਰ ਪਹਾੜਾਂ ਦੀਆਂ ਗਹਿਰਾਈਆਂ ਵਿੱਚ ਉਤਰੇ ਸੁਪਨਿਆਂ ਵਾਂਗ ਮਹਿਸੂਸ ਹੋ ਰਹੇ ਸਨ।

ਕੁਝ ਦੇਰ ਉਹ ਉਂਜ ਦਾ ਉਂਜ, ਇਕ ਖ਼ਾਮੋਸ਼ੀ ਪੀਤੇ ਬੁੱਤ ਵਾਂਗ, ਦੂਰ ਖੇਤਾਂ ਦੇ ਉਸ ਪਾਰ ਵੱਲ ਤਕਦਾ ਰਿਹਾ ਤੇ ਪਿਰ ਅਚਾਨਕ ਹੌਲੀ-ਹੌਲੀ ਖ਼ਿਆਲਾਂ ਦੀ ਬੇੜੀ 'ਤੇ ਸਵਾਰ, ਆਪਣੀ ਬੀਵੀ ਸੈਬਾਂ ਕੋਲ ਜਾ ਪਹੁੰਚਿਆ। ਕੁਝ ਘੜੀਆਂ ਉਹ ਉਸ ਨੂੰ ਖੜ੍ਹੇ-ਖੜ੍ਹੇ ਘੂਰਦਾ ਰਿਹਾ ਤੇ ਫਿਰ ਜ਼ੋਰ ਨਾਲ ਚੀਕ ਪਿਆ-'ਅੱਜ ਤੈਨੂੰ ਮੇਰੇ ਘਰ 'ਚ ਆਇਆਂ ਪੂਰੇ ਸੱਤ ਵਰ੍ਹੇ ਹੋ ਗਏ ਹਨ ਪਰ ਤੂੰ ਮੈਨੂੰ ਇਕ ਅੱਬੂ ਕਹਿਣ ਵਾਲੀ ਆਵਾਜ਼ ਤੱਕ ਨਹੀਂ ਦਿੱਤੀ। ਤੂੰ ਕਿਉਂ ਪਤਝੜ ਜਿਹੀ ਮੇਰੇ ਘਰ ਵਿੱਚ ਆ ਵੜੀ ਏਂ ?... ਦਫ਼ਾ ਹੋ ਜਾ ਮੇਰੇ ਘਰੋਂ ਚਲੀ ਜਾ...।'

ਤੇ ਫਿਰ ਗੁਲਸ਼ੇਰਾ ਨੂੰ ਜਾਪਿਆ ਜਿਵੇਂ ਸੈਬਾਂ, ਉਸ ਦੇ ਸਾਹਮਣੇ ਹੀ ਖੜ੍ਹੀ ਹੋਈ ਇਹ ਜ਼ਹਿਰ ਭਰੀਆਂ ਗੱਲਾਂ ਸੁਣ ਰਹੀ ਹੋਵੇ। ਉਸ ਨੇ ਦੇਖਿਆ, ਸੈਬਾਂ ਨੇ ਹੌਲੀ ਜਿਹੀ ਆਪਣਾ ਮੁਰਝਾਇਆ ਹੋਇਆ ਚਿਹਰਾ ਉਸ ਦੇ ਵੱਲ ਕੀਤਾ ਹੈ। ਇੱਕ ਬੋਲ ਵੀ ਬੋਲੇ ਬਗ਼ੈਰ ਬੱਸ ਇਕੋ ਨਜ਼ਰੀਂ, ਆਪਣੇ ਖਾਵੰਦ ਵੱਲ ਹੀ ਦੇਖ ਰਹੀ ਸੀ। ਉਹ ਡਾਰ ਤੋਂ ਵਿਛੜੀ ਹਿਰਨੀ ਵਾਂਗ ਡੌਰ-ਭੌਰ ਹੋਈ, ਲੰਮੇ-ਲੰਮੇ ਸਾਹ ਲੈ ਰਹੀ ਸੀ। ਪਸੀਨੇ ਤੇ ਮਿੱਟੀ ਨਾਲ ਭਰੀਆਂ ਹੋਈਆਂ ਉਸ ਦੀਆਂ ਉਦਾਸ ਅੱਖਾਂ, ਬੱਦਲਾਂ ਢੱਕੀ ਰਾਤ ਵਾਂਗ ਦਿਖਾਈ ਦੇ ਰਹੀਆਂ ਸਨ। ਆਦਮ ਜ਼ਾਤ ਦੀ ਸਾਰੀ ਪੀੜ ਉਸ ਦੇ ਅੰਗ-ਅੰਗ 'ਚੋਂ ਝਲਕ ਰਹੀ ਸੀ ਤੇ ਹਯਾਤੀ ਦਾ ਸਾਰਾ ਅਪਮਾਨ ਉਸਦੇ ਮੁੱਖ 'ਤੇ ਕੰਬ ਰਿਹਾ ਸੀ।

ਗੁਲਸ਼ੇਰਾ ਅਚਾਨਕ ਚਕਰਾ ਜਿਹਾ ਗਿਆ। ਉਸ ਨੂੰ ਇਕ ਅਜੀਬ ਜਿਹਾ ਕਾਂਬਾ ਮਹਿਸੂਸ ਹੋਣ ਲੱਗਾ। ਉਸ ਨੂੰ ਲੱਗਾ ਜਿਵੇਂ ਹਜ਼ਾਰਾਂ ਕੀੜੀਆਂ ਉਸ ਦੇ ਪਿੰਡੇ 'ਤੇ ਦੌੜ ਰਹੀਆਂ ਹੋਣ। ਇਸੇ ਅੰਤਰੀਵੀ ਪੀੜੀ ਨਾਲ ਉਸ ਨੂੰ ਆਪਣੀ ਇਸ ਬੇਚੈਨੀ ਦਾ ਕਾਰਣ ਹੌਲੀ-ਹੌਲੀ ਦਿਖਾਈ ਦੇਣ ਲੱਗਾ ਜਿਹੜਾ ਉਸ ਦੇ ਜ਼ਿਹਨ ਨੂੰ, ਪਤਾ ਨਹੀਂ ਕਦੋਂ ਤੋਂ ਕਿਸੇ

ਦਾਤਰੀ ਵਾਂਗ ਵੱਢ ਰਿਹਾ ਸੀ। ਅਚਾਨਕ ਸੈਬਾਂ ਦੇ ਮਨ ਦਾ ਦਰਦ, ਉਸ ਦਾ ਆਪਣਾ ਦਰਦ ਬਣ ਗਿਆ।.... ਤੇ ਫਿਰ ਗੁਲਸ਼ੇਰਾ ਬੜੀਆਂ ਲੰਮੀਆਂ-ਲੰਮੀਆਂ ਉਲਾਂਘਾਂ ਪੁੱਟਦਾ, ਘਰ ਵੱਲ ਉੱਡ ਚੱਲਿਆ। ਜਿਵੇਂ ਹੀ ਉਹ ਦਰਵਾਜੇ ਕੋਲ ਪਹੁੰਚਿਆ, ਉਸ ਨੇ ਦੇਖਿਆ, ਸੈਬਾਂ ਬੱਕਰੀ ਦੇ ਮੇਮਨੇ ਨੂੰ ਆਪਣੀ ਹਿੱਕ ਨਾਲ ਲਾਈ, ਅਪਲੇਟੀ ਜਿਹੀ ਕੁਝ ਗੁਣਗੁਣਾ ਰਹੀ ਹੈ। ਗੁਲਸ਼ੇਰਾ ਨੇ ਲਪਕ ਕੇ ਸਾਰੀ ਦੀ ਸਾਰੀ ਸੈਬਾਂ ਨੂੰ ਮੈਮਨੇ ਸਮੇਤ ਆਪਣੀਆਂ ਮਰਦਾਨੀਆਂ ਬਾਹਵਾਂ ਵਿੱਚ ਕਸ ਲਿਆ ਤੇ ਫਿਰ ਕੋਸੇ-ਕੋਸੇ ਸਾਹਵਾਂ ਦੀ ਟਕੋਰ ਹੇਠ ਉਸ ਦੇ ਹੋਂਠ ਕੰਬੇ- 'ਸੈਬਾਂ ! ਇਹ ਵੀ ਤਾਂ ਆਪਣਾ ਹੀ ਹੈ।'

**ਆਰੀਆ ਸਮਾਜ ਰੋਡ,**
**ਸਿਰਸਾ** (**ਹਰਿਆਣਾ**) 125055
**ਸੰਪਰਕ** 94660-02336

◆◆◆

# ਢੋਲ ਦੇ ਬੋਲ

**ਰਾਜੇਸ਼ ਗੁਪਤਾ**

ਚੁੱਲ੍ਹੇ ਵਿਚੋਂ ਨਿਕਲ ਰਹੇ ਧੂੰਏ ਦੀ ਸਫੈਦ ਲਹਿਰ ਧਾਰ ਬਣਕੇ ਅਸਮਾਨ ਵਿੱਚ ਇਉਂ ਧਸੀ ਜਾ ਰਹੀ ਹੈ, ਜਿਵੇਂ ਰੱਬ ਦੇ ਘਰ ਜਾ ਰਹੀ ਹੋਵੇ। ਅਸਮਾਨ ਛੋਟੇ-ਛੋਟੇ ਬੱਦਲ ਦੇ ਗੋਲਿਆਂ ਨਾਲ ਭਰਿਆ ਪਿਆ ਹੈ। ਚੁੱਲ੍ਹੇ ਉੱਤੇ ਮਾਹਾਂ ਦੀ ਦਾਲ ਰਿੱਝ ਰਹੀ ਹੈ, ਪਰ ਚੁਲ੍ਹੇ ਵਿੱਚ ਅੱਗ ਅਜੇ ਚੰਗੀ ਤਰ੍ਹਾਂ ਭਖੀ ਨਹੀਂ ਹੈ, ਕਿਉਂਕਿ ਅੱਜ ਚੁੱਲ੍ਹੇ ਅੱਗੇ ਰਾਣੀ ਬੈਠੀ ਹੈ। ਰਾਣੀ ਦੀ ਮਾਂ ਅੱਜ ਸਖਤ ਬਿਮਾਰ ਹੈ। ਉਸ ਦੀ ਵੱਖੀ ਵਿਚ ਦਰਦ ਹੋ ਰਿਹਾ ਹੈ। ਦਰਦ ਤਾਂ ਉਸਦੇ ਤਕਰੀਬਨ ਰੋਜ਼ ਹੀ ਹੁੰਦਾ ਹੈ, ਪਰ ਅੱਜ ਉਸ ਦੇ ਅਸਹਿ ਦਰਦ ਹੋ ਰਿਹਾ ਹੈ, ਜੋ ਤੜਕ ਸਵੇਰ ਹੀ ਸ਼ੁਰੂ ਹੋ ਗਿਆ ਸੀ। ਇਸ ਲਈ ਅੱਜ ਉਹ ਕਿਸੇ ਦੇ ਵੀ ਘਰ ਕੰਮ ਕਰਨ ਨਹੀਂ ਗਈ।

ਰਾਣੀ ਜਿਸ ਦੀ ਉਮਰ ਸਿਰਫ਼ ਦਸ ਬਾਰਾਂ ਸਾਲਾਂ ਦੀ ਹੈ ਦੋ ਸਾਲ ਤੋਂ ਸਕੂਲ ਨਹੀਂ ਜਾ ਰਹੀ। ਉਸ ਨੂੰ ਸਕੂਲੋਂ ਇਸ ਲਈ ਹਟਾ ਲਿਆ ਗਿਆ ਸੀ ਕਿ ਉਸ ਦੀ ਮਾਂ ਜਦ ਬਾਹਰ ਲੋਕਾਂ ਦੇ ਘਰ ਕੰਮ ਕਰਨ ਜਾਵੇਗੀ ਤਾਂ ਰਾਣੀ ਬਾਅਦ ਵਿੱਚ ਘਰ 'ਚ ਆਪਣੇ ਛੋਟੇ ਭਰਾ ਨੂੰ ਸਾਂਭ ਲਵੇਗੀ, ਪਰ ਹੁਣ ਰਾਣੀ ਨੂੰ ਇਸ ਦੇ ਨਾਲ ਹੀ ਨਾਲ ਲਾਗਲੇ ਘਰ ਦਾ ਕੰਮ ਵੀ ਕਰਨਾ ਪੈਂਦਾ ਹੈ।

ਹੁਣ ਰਾਣੀ ਦਾ ਇੱਕ ਹੋਰ ਭਰਾ ਆ ਗਿਆ ਹੈ ਉਹ ਅਜੇ ਅਠ-ਨੌਂ ਮਹੀਨੇ ਦਾ ਹੀ ਹੋਇਆ ਹੈ ਉਹ ਕਮਜ਼ੋਰ ਬਹੁਤ ਹੈ, ਪਰ ਇਸ ਵਿਚ ਰਾਣੀ ਕੀ ਕਰ ਸਕਦੀ ਹੈ ?

ਹੁਣ ਉਸ ਦੀ ਮਾਂ ਬੜੀ ਬਿਮਾਰ ਹੈ ਜਿਸ ਨਾਲ ਉਹ ਕਮਜ਼ੋਰ ਵੀ ਹੋ ਗਈ ਹੈ। ਉਥੇ



ਵੀ ਰਾਣੀ ਕੀ ਕਰ ਸਕਦੀ ਹੈ ? ਉਹ ਤਾਂ ਆਪ ਬੱਚੀ ਹੈ, ਉਹ ਆਪ ਵੀ ਕਮਜ਼ੋਰ ਹੈ, ਪਰ ਫਿਰ ਵੀ ਕੁਝ ਨਾ ਕਰ ਸਕਦੀ ਹੋਣ ਕਰਕੇ ਵੀ, ਉਸ ਨੂੰ ਸਭ ਕੁਝ ਮਤਲਬ ਕੁਝ ਨਾ ਕੁਝ ਕਰਨਾ ਹੀ ਪੈਂਦਾ ਹੈ, ਕਿਉਂਕਿ ਉਹ ਇਸ ਪਰਿਵਾਰ ਦਾ ਅੰਗ ਹੈ, ਉਹ ਇਸ ਪਰਿਵਾਰ ਦੇ ਸੁੱਖਾਂ ਦੇ ਨਾਲ-ਨਾਲ ਦੁੱਖਾਂ ਦੀ ਭਾਈਵਾਲ ਹੈ। ਸੁੱਖ ਤਾਂ ਅਜੇ ਤੱਕ ਉਸ ਨੇ ਇਸ ਘਰ ਵਿੱਚ ਨਹੀਂ ਵੇਖਿਆ।

ਹਾਂਡੀ ਵਿਚੋਂ ਉਬਾਲਿਆ ਦੀ ਅਵਾਜ਼ ਆ ਰਹੀ ਹੈ, ਪਰ ਦਾਲ ਵਿਚ ਲੂਣ ਤਾਂ ਰਾਣੀ ਨੇ ਪਾਇਆ ਹੀ ਨਹੀਂ। ਉਹ ਦੌੜ ਕੇ ਆਪਣੀ ਮਾਂ ਕੋਲ ਲੂਣ-ਮਸਾਲੇ ਬਾਰੇ ਪੁੱਛਣ ਗਈ ਹੈ ਜੋ ਲਾਗੇ ਹੀ ਮੰਜੇ 'ਤੇ ਪਈ ਹੈ।

ਰਾਣੀ ਦਾ ਪਿਓ ਕਿਸੇ ਸਾਈਕਲਾਂ ਦੀ ਦੁਕਾਨ 'ਤੇ ਅੱਠ ਸੌ ਰੁਪਏ ਮਹੀਨੇ 'ਤੇ ਕੰਮ ਕਰਦਾ ਹੈ, ਉਹ ਸ਼ਹਿਰ ਦਾ ਸਭ ਤੋਂ ਵੱਡਾ ਤੇ ਚੰਗਾ ਕਾਰੀਗਰ ਹੈ, ਪਰ ਉਹ ਸ਼ਰਾਬ ਬੜੀ ਪੀਂਦਾ ਹੈ। ਸਾਰੇ ਸ਼ਹਿਰ ਦੇ ਰਿਕਸ਼ੇ ਉਸ ਕੋਲ ਹੀ ਠੀਕ ਹੋਣ ਲਈ ਆਉਂਦੇ ਹਨ, ਕਿਉਂਕਿ ਉਹ ਜਿਸ ਚੀਜ਼ ਨੂੰ ਵੀ ਇਕ ਵਾਰ ਹੱਥ ਲਗਾ ਦੇਵੇ, ਉਹ ਕਦੇ ਖ਼ਰਾਬ ਨਹੀਂ ਹੁੰਦੀ। ਸਾਰੇ ਸ਼ਹਿਰ ਦੇ ਮਕੈਨਿਕ ਉਸ ਨੂੰ ਬੜੀ ਆਦਰ ਭਰੀ ਨਜ਼ਰ ਨਾਲ ਦੇਖਦੇ ਹਨ।

ਅਚਾਨਕ ਰਾਣੀ ਦੇ ਛੋਟੇ ਭਰਾ ਦੇ ਰੋਣ ਦੀ ਆਵਾਜ਼ ਨੇ ਸਾਰੇ ਮਾਹੌਲ ਨੂੰ ਇੱਕਦਮ ਚੋਕਾ ਦਿੱਤਾ ਹੈ। ਉਹ ਜ਼ਮੀਨ 'ਤੇ ਵਿਛੀ ਟਾਟ 'ਤੇ ਲੰਮੇ ਪਿਆ ਹੈ। ਸ਼ਾਇਦ ਰਾਣੀ ਨੂੰ ਅਜੇ ਤੱਕ ਨਿੱਕੇ ਦੇ ਰੋਣ ਦੀ ਆਵਾਜ਼ ਸੁਣਾਈ ਨਹੀਂ ਦਿੱਤੀ, ਕਿਉਂਕਿ ਉਹ ਘੜੀ-ਮੁੜੀ ਹਾਂਡੀ ਦੇ ਢੱਕਣ ਨੂੰ ਉੱਪਰ ਕਰਕੇ ਦਾਲ ਨੂੰ ਵੇਖ ਰਹੀ ਹੈ।

"ਰਾਣੀ....... ਆ ਵੇਖ ਤਾਂ ਨਿੱਕੇ ਨੂੰ ਕੀ ਗੱਲ ਹੈ ? ਕਿਉਂ ਰੋਈ ਜਾ ਰਿਹਾ ਹੈ ? ਰਾਣੀ ਨਿੱਕੇ ਦੇ ਰੋਣ ਦੀ ਆਵਾਜ਼ ਸੁਣੀ-ਅਣਸੁਣੀ ਕਰਕੇ ਮੂੰਹ ਹੀ ਮੂੰਹ ਵਿੱਚ ਬੁੜ-ਬੁੜਾਉਣ ਲੱਗੀ। "ਮੈਂ ਕੀ ਕਰਾਂ ? ਮੈਥੋਂ ਨਹੀਂ ਹੁੰਦਾ ਇਹ ਸਭ ਕੁਝ।" ਨਿੱਕਾ ਅੱਗੇ ਨਾਲੋਂ ਵੀ ਉੱਚੀ ਉੱਚੀ ਰੋਣ ਲੱਗਾ। ਘਰ ਵਿਚ ਪਸਰੇ ਦਰਦਮਈ ਮਾਹੌਲ ਨੂੰ ਹਵਾ ਦਿੰਦੀ ਨਿੱਕੇ ਨੇ ਰੋਣ ਦੀ ਅਵਾਜ਼ ਨੇ ਮਾਂ ਦੇ ਹਿਰਦੇ ਨੂੰ ਹੌਲੀ-ਹੌਲੀ ਤੇ ਫਿਰ ਤੇਜ਼ੀ ਨਲਾ ਛੇਕਨਾ ਸ਼ੁਰੂ ਕਰ ਦਿੱਤਾ।

"ਮਰਨੀਏ ਨਿੱਕੇ ਨੂੰ ਫੜਦੀ ਕਿਉਂ ਨਹੀਂ ?..... ਮੋਇਆ ਮਰ ਜਾਉ ਤਾਂ ਫਿਰ ਹੀ ਸਿਆਪਾ ਮੁਕਾਏਂਗੀ ?" ਆਪਣੇ ਅਸਹਿ ਦਰਦ ਨਾਲ ਤੜਪਦੀ ਰਾਣੀ ਦੀ ਮਾਂ ਖਿੱਝ ਕੇ ਰਾਣੀ ਨੂੰ ਝਿੜਕਦੀ ਹੈ।

"ਮੈਂ ਕੀ ਕਰਾਂ ਫਿਰ ?" ਰਾਣੀ ਰੌਂਦੀ ਡੁਸਕਦੀ ਨਿੱਕੇ ਕੋਲ ਗਈ ਤੇ ਉਸ ਨੂੰ ਦਰੀ ਤੋਂ ਚੁੱਕ ਲਿਆ ਤੇ ਨਿੱਕੇ ਨੂੰ ਫੜਦੇ-ਫੜਦੇ ਉਸ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਹੀ ਰਹਿ ਗਈਆਂ ਤੇ ਅੱਖਾਂ ਵਿੱਚ ਦੋ ਮੋਤੀ ਪਨਪ ਆਏ ਤੇ ਰੁਲਕਦੇ-ਰੁਲਕਦੇ ਇੱਕ ਕੋਨੇ 'ਤੇ ਆ ਅਟਕੇ। ਉਸ ਨਿੱਕੇ ਨੂੰ ਆਪਣੇ ਸੀਨੇ ਨਾਲ ਲਾ ਲਿਆ, ਜਿਸਦੇ ਅੰਦਰ ਉਸਦਾ

ਇੱਕ ਨੰਨ੍ਹਾ ਜਿਹਾ ਦਿਲ ਤੇਜ਼ੀ ਨਾਲ ਧੱਕ-ਧੱਕ ਕਰ ਰਿਹਾ ਸੀ। ਉਸ ਨੂੰ ਆਪਣੇ ਆਪ 'ਤੇ ਗੁੱਸਾ ਤੇ ਨਿੱਕੇ 'ਤੇ ਤਰਸ ਆਉਣ ਲੱਗਾ, ਕਿਉਂਕਿ ਜਿੱਥੇ ਨਿੱਕਾ ਲੰਮਾ ਪਿਆ ਸੀ ਉਸ ਦੇ ਥੱਲੇ ਇਕ ਕਾਢਾ ਸੀ ਜਿਸ ਨੇ ਨਿੱਕੇ ਨੂੰ ਪਤਾ ਨਹੀਂ ਕਿੰਨੀ ਵਾਰ ਡੰਗ ਮਾਰਿਆ ਸੀ। ਨਿੱਕੇ ਦੀ ਪਿੱਠ 'ਤੇ ਕਿੱਡਾ ਸਾਰਾ ਤੜਫੜ ਪਿਆ ਹੋਇਆ ਸੀ। ਨਿੱਕਾ ਅਜੇ ਵੀ ਹੌਲੀ-ਹੌਲੀ ਰੋ ਰਿ ਸੀ।

ਅਚਾਨਕ ਦਰਵਾਜ਼ਾ ਖੜਕਣ ਦੀ ਆਵਾਜ਼ ਆਈ। ਰਾਣੀ ਨੇ ਨਿੱਕੇ ਨੂੰ ਅਜੇ ਦਰੀ 'ਤੇ ਲਿਟਾਇਆ ਹੀ ਸੀ ਕਿ.... "ਰਾਣੀ ਦਰਵਾਜ਼ਾ ਕਿਉਂ ਨਹੀਂ ਖੋਲ੍ਹਦੀ ਮਰਨੀਏ?" ਇਹਉਸ ਦੀ ਮਾਂ ਦੀ ਆਵਾਜ਼ ਸੀ।

"ਚਲੀ ਆਂ।" ਰਾਣੀ ਉਚੀ ਬੁੜ-ਬੁੜਾਈ।

ਦਰਵਾਜ਼ਾ ਖੋਲ੍ਹਦੇ ਹੀ ਉਸ ਦੇ ਪਿਓ ਨੇ ਘਰ ਅੰਦਰ ਕਦਮ ਧਰਿਆ।

"ਰਾਣੀ ਤੇਰੀ ਮਾਂ ਕਿੱਥੇ ਹੈ?

"ਪਾਪਾ, ਮਾਂ ਅੰਦਰ ਹੈ।"

"ਕਮਲੇਸ਼ ! ਓ ਕਮਲੇਸ਼! ਚਲ ਡਾਕਟਰ ਨੂੰ ਵਿਖਾਉਣ ਚਲੀਏ।"

"ਹਾਂ ਜੀ!" ਆਪਣੇ ਘਰਵਾਲੇ ਦੀ ਅਵਾਜ਼ ਸੁਣ ਕੇ ਰਾਣੀ ਦੀ ਮਾਂ ਆਪਣੇ ਬਿਸਤਰ 'ਤੇ ਬੈਠ ਗਈ।

"ਕਾ ਹਾਲ ਹੈ ਹੁਣ ਤੇਰੀ ਦਰਦ ਦਾ?" ਰਾਣੀ ਦੇ ਪਿਓ ਦਾ ਲਹਿਜਾ ਬੇਰੁਖੀ ਭਰਿਆ ਨਹੀਂ ਸੀ।

"ਘੱਟ ਹੈ ਹੁਣ ਤਾਂ।"

"ਖਤਮ ਨਹੀਂ ਹੋਇਆ?"

"ਖਤਮ ਤਾਂ ਹੁਣ ਇਹ ਲੱਗਦਾ ਸਾਹਾਂ ਨਾਲ ਹੀ ਹੋਵੇਗਾ।"

"ਐਵੇਂ ਇੰਝ ਦੀਆਂ ਗੱਲਾਂ ਨਾ ਕਰਿਆ ਕਰ, ਤੈਨੂੰ ਕੁਝ ਨਹੀਂ ਹੁੰਦਾ, ਚਲ ਚਲੀਏ ਡਾਕਟਰ ਕੋਲ।"

ਹਸਪਤਾਲ ਜਾ ਕੇ ਉਹ ਡਾਕਟਰ ਨੂੰ ਮਿਲਿਆ। ਉਸ ਨੇ ਪੇਟ ਦਾ ਐਕਸਰੇ ਕਰਵਾਉਣ ਲਈ ਕਿਹਾ। ਅਗਲੇ ਦਿਨ ਜਦ ਉਨ੍ਹਾਂ ਐਕਸਰੇ ਡਾਕਟਰ ਨੂੰ ਵਿਖਾਇਆ ਤਾਂ ਡਾਕਟਰ ਨੇ ਕਮਲੇਸ਼ ਦੇ ਪੇਟ ਵਿੱਚ ਪੱਥਰੀ ਦੱਸੀ।

ਕਮਲੇਸ਼ ਤੇ ਉਸ ਦਾ ਘਰ ਵਾਲਾ ਇੱਕ-ਦੂਜੇ ਵੱਲ ਵੇਖਣ ਲੱਗੇ।

"ਕੋਈ ਗੱਲ ਨਹੀਂ, ਫ਼ਿਕਰ ਨਾ ਕਰੋ, ਅਪ੍ਰੇਸ਼ਨ ਨਾਲ ਠੀਕ ਹੋ ਜਾਉ।"

"ਡਾਕਟਰ ਸਾਹਿਬ ਫਿਰ ਅਪ੍ਰੇਸ਼ਨ...."

"ਤੁਸੀਂ ਸ਼ਾਮ ਨੂੰ ਮੇਰੇ ਘਰ ਆ ਜਾਣਾ ਤੁਹਾਨੂੰ ਸਭ ਸਮਝਾ ਦੇਵੇਂਗਾ।" ਡਾਕਟਰ ਕਹਿ ਕੇ ਆਪਣੇ ਕੰਮ ਵਿੱਚ ਰੁੱਝ ਗਿਆ।

ਸ਼ਾਮ ਨੂੰ ਉਹ ਡਾਕਟਰ ਦੇ ਘਰ ਗਿਆ।



ਡਾਕਟਰ ਦੇ ਘਰ ਮਰਜ਼ੀ ਦੀ ਭੀੜ ਬੜੀ ਲੱਗੀ ਹੋਈ ਸੀ। ਕੁਝ ਦੇਰ ਬਾਅਦ ਡਾਕਟਰ ਨੇ ਉਸ ਨੂੰ ਬੁਲਾਇਆ।

"ਹਾਂ ਬਈ ਆ ਗਿਆਂ?"

"ਹਾਂ ਜੀ ਡਾਕਟਰ ਸਾਹਿਬ! ਫਿਰ ਕਿੰਨਾ ਕੁ ਖਰਚ ਹੋਊ ਅਪ੍ਰੇਸ਼ਨ 'ਤੇ?"

"ਖਰਚ ਕਾਹਦਾ ਯਾਰ, ਤੇਰੇ ਪੈਸੇ ਬਚਾ ਦਿਆਂਗੇ।"

"ਚੰਗਾ ਡਾਕਟਰ ਸਾਹਿਬ ਸਾਰੀ ਉਮਰ ਤੁਹਾਨੂੰ ਅਸੀਸਾਂ ਦਿਆਂਗੇ, ਉਸ ਦੇ ਦਿਮਾਗ ਤੋਂ ਖ਼ਰਚੇ ਦਾ ਬੋਝ ਉਤਰ ਗਿਆ।

"ਤੇਰਾ ਸਿਰਫ਼ ਇੱਕ ਹਜ਼ਾਰ ਦਾ ਖਰਚ ਹੋਉ।"

"ਕੀ ਡਾਕਟਰ ਸਾਹਿਬ?"

"ਇੱਕ ਹਜ਼ਾਰ ਯਾਨੀ ਕਿ ਮੇਰੀ ਫ਼ੀਸ।"

"ਤੁਹਾਡੀ ਫੀਸ, ਪਰ ਅਪ੍ਰੇਸ਼ਨ ਤਾਂ ਸਰਕਾਰੀ ਹਸਪਤਾਲ ਵਿਚ ਹੋਊ।"

"ਪਰ ਕਰਨਾ ਤਾਂ ਮੈਂ ਹੀ ਆ, ਇਸ ਲਈ ਜੇ ਅਪ੍ਰੇਸ਼ਨ ਕਰਵਾਉਣਾ ਹੈ ਤਾਂ ਪੰਜ ਸੌ ਰੁਪਏ ਪਹਿਲਾਂ ਮੇਰੇ ਘਰ ਦੇ ਜਾਵੀਂ ਤੇ ਬਾਕੀ ਪੰਜ ਸੌ ਅਪ੍ਰੇਸ਼ਨ ਤੋਂ ਬਾਅਦ ਦੇ ਦੇਵੀਂ।"

"ਡਾਕਟਰ ਸਾਹਿਬ ਕੁਝ ਘੱਟ ਕਰ ਦਿਓ, ਅਸੀਂ ਤਾ ਬੜੇ ਗਰੀਬ ਹਾਂ, ਮਜ਼ਦੂਰੀ ਕਰਕੇ ਬੜੀ ਮੁਸ਼ਕਲ ਨਾਲ ਰੋਟੀ ਖਾਂਦੇ ਹਾਂ।"

"ਫਿਰ ਕੀ ਹੋਇਆ ਭਾਈ ਅਸੀਂ ਵੀ ਤਾਂ ਮਜ਼ਦੂਰੀ ਕਰਕੇ ਹੀ.... .ਸਰਕਾਰ ਸਾਨੂੰ ਕੀ ਦਿੰਦੀ ਆ, ਜੇ ਅਸੀਂ ਇਉਂ ਨਾ ਕਰੀਏ ਤਾਂ ਅਸੀਂ ਰੋਟੀ ਵੀ ਨਹੀਂ ਖਾ ਸਕਦੇ, ਸਾਡਾ ਤਾਂ ਗੁਜ਼ਾਰਾ ਵੀ ਮੁਸ਼ਕਲ ਹੋ ਜਾਵੇ।"

"ਹਾਂ ਡਾਕਟਰ ਸਾਹਿਬ ਤੁਹਾਡੀ ਕਾਰ ਕਿਵੇਂ ਆਉਂਦੀ? ਤੁਹਾਡੀ ਐਡੀ ਵੱਡੀ ਕੋਠੀ ਕਿਵੇਂ ਪੈਂਦੀ? ਤੁਹਾਡੇ ਨਲਾਇਕ ਬੱਚੇ ਦੀ ਡਾਕਟਰੀ ਵਾਸਤੇ ਡੋਨੇਸ਼ਨ ਕਿਵੇਂ ਪੂਰੀ ਹੁੰਦੀ? ਉਹਨਾਂ ਦਾ ਖਰਚ ਕਿਵੇਂ ਪੂਰਾ ਹੋਵੇ?" ਉਹ ਮਨ ਹੀ ਮਨ ਸੋਚਦਾ ਡਾਕਟਰ ਦੀ ਕੋਠੀ ਵਿਚੋਂ ਬਾਹਰ ਆ ਗਿਆ?

"ਤੋਬਾ..... ਤੋਬਾ ਇਹ ਵੀ। ਇਸ ਨੂੰ ਤਾਂ ਰੱਬ...।"

ਕੁਝ ਦੇਰ ਬਾਅਦ ਉਹ ਪੰਜ ਸੌ ਰੁਪਈਏ ਘਰੋਂ ਲੈ ਕੇ ਡਾਕਟਰ ਦੀ ਕੋਠੀ ਗਿਆ।

"ਆ ਬਈ, ਲੈ ਆਇਆਂ ਪੈਸੇ।" ਡਾਕਟਰ ਨੇ ਕਿਹਾ?

"ਡਾਕਟਰ ਸਾਹਿਬ, ਆਹ ਲਓ।" ਉਸ ਨੇ ਪੰਜ ਸੌ ਰੁਪਈਏ ਫੜਾ ਦਿੱਤੇ।

"ਚੰਗਾ ਫਿਰ ਸਵੇਰੇ ਨੌਂ ਵਜੇ ਆ ਜਾਵੀਂ ਆਪਣੀ ਵਹੁਟੀ ਨੂੰ ਨਾਲ ਲੈ ਕੇ, ਪਰ ਇਹਨਾਂ ਪੈਸਿਆਂ ਦੀ ਗੱਲ ਕਿਸੇ ਨਾਲ ਨਹੀਂ ਕਰਨੀ।" ਡਾਕਟਰ ਨੇ ਉਸ ਨੂੰ ਸਾਵਧਾਨ ਕੀਤਾ।

ਘਰ ਆ ਕੇ ਰਾਣੀ ਦਾ ਪਿਓ ਬਾਕੀ ਪੈਸਿਆਂ ਬਾਰੇ ਸੋਚਦਾ ਰਿਹਾ। ਦੋ ਦਿਨਾਂ ਬਾਅਦ ਅਪ੍ਰੇਸ਼ਨ ਹੋ ਗਿਆ। ਅਪ੍ਰੇਸ਼ਨ ਠੀਕ ਹੋ ਗਿਆ। ਅਜੇ ਰਾਣੀ ਦੀ ਮਾਂ ਨੂੰ ਹਫਤੇ

ਭਰ ਲਈ ਹਸਪਤਾਲ ਰਹਿਣ ਦੀ ਹੀ ਸਲਾਹ ਦਿੱਤੀ ਗਈ ਸੀ। ਘਰ ਰਾਣੀ ਇਕੱਲੀ ਹੀ ਸੀ। ਅਗਲੇ ਹੀ ਦਿਨ ਡਾਕਟਰ ਦਾ ਸੁਨੇਹਾ ਆ ਗਿਆ ਕਿ ਡਾਕਟਰ ਸਾਹਿਬ ਉਸ ਨੂੰ ਯਾਦ ਕਰ ਰਹੇ ਹਨ।

"ਆਹੋ ! ਮੈਨੂੰ ਪਤਾ ਡਾਕਟਰ ਕਿਸ ਨੂੰ ਯਾਦ ਕਰ ਰਿਹਾ।" ਉਸ ਨੇ ਮਨ ਹੀ ਮਨ ਸੋਚਿਆ ਤੇ ਡਾਕਟਰ ਦੇ ਕਮਰੇ ਦੀ ਬਜਾਏ ਹਸਪਤਾਲੋਂ ਬਾਹਰ ਤੁਰ ਗਿਆ, ਪੰਜ ਸੌ ਰੁਪਏ ਦਾ ਇੰਤਜ਼ਾਮ ਕਰਨ ਲਈ। ਉਹ ਆਪਣੇ ਮਾਲਕ ਕੋਲ ਜਿਸ ਦੀ ਦੁਕਾਨ 'ਤੇ ਉਹ ਕੰਮ ਕਰਦਾ ਸੀ ਗਿਆ, ਉਸ ਨੇ ਵੀ ਪੈਸੇ ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ, ਕਿਉਂਕਿ ਉਸ ਦੀ ਦੁਕਾਨ 'ਤੇ ਕੰਮ ਮੰਦਾ ਚਲ ਰਿਹਾ ਸੀ। ਉਹ ਅਗਲੇ ਦਿਨ ਫਿਰ ਪੈਸਿਆਂ ਦਾ ਇੰਤਜ਼ਾਮ ਕਰਨ ਲਈ ਬਾਹਰ ਗਿਆ, ਪਰ ਗੱਲ ਫਿਰ ਵੀ ਨਾ ਬਣੀ। ਡਾਕਟਰ ਦੇ ਸੁਨੇਹੇ ਵਾਰ-ਵਾਰ ਆ ਰਹੇ ਸਨ।

ਪਰ ਉਹ ਡਾਕਟਰ ਕੋਲ ਜਾਵੇ ਤੇ ਕਿਹੜੇ ਮੂੰਹ ਨਾਲ। ਆਖਰ ਉਹ ਕਰੇ ਤਾਂ ਕੀ ? ਹਸਪਤਾਲੋਂ ਉਸ ਦੀ ਵਹੁਟੀ ਨੂੰ ਛੁੱਟੀ ਵੀ ਨਹੀਂ ਸੀ ਮਿਲ ਰਹੀ ਤੇ ਛੁੱਟੀ ਕਿਉਂ ਨਹੀਂ ਸੀ ਮਿਲ ਰਹੀ ਉਸ ਦਾ ਉਸ ਨੂੰ ਪਤਾ ਸੀ। ਹਫਤੇ ਤੋਂ ਵੱਧ ਦਿਨ ਹੋ ਚੁੱਕੇ ਸਨ।

ਆਖਰ ਇਕ ਦਿਨ ਡਾਕਟਰ ਨੇ ਉਸ ਨੂੰ ਆਪਣੇ ਘਰ ਆਉਣ ਦਾ ਸੁਨੇਹਾ ਦਿੱਤਾ। ਉਹ ਦਿਲ ਪੱਕਾ ਕਰਕੇ ਡਾਕਟਰ ਦੇ ਘਰ ਚਲਾ ਗਿਆ।

"ਜੇ ਤੇਰੇ ਕੋਲ ਪੈਸੇ ਨਹੀਂ ਸਨ ਜੁੜਦੇ ਤਾਂ ਤੂੰ ਅਪ੍ਰੇਸ਼ਨ ਕਰਵਾਇਆ ਹੀ ਕਿਉਂ ਸੀ ?" ਡਾਕਟਰ ਨੇ ਉਸਨੂੰ ਜਾਂਦਿਆਂ ਹੀ ਝਿੜਕਿਆ।

"ਡਾਕਟਰ ਸਾਹਿਬ ਮੈਨੂੰ ਮਾਫ਼ ਕਰਨਾ ਕੁਝ ਦੇਰ ਹੋ ਗਈ, ਮੈਨੂੰ ਕੁਝ ਦਿਨ ਦੀ ਹੋਰ ਮੋਹਲਤ ਦੇ ਦਿਓ। ਮੈਂ ਆਪਣੀ ਤਨਖਾਹ ਮਿਲਣ 'ਤੇ ਤੁਹਾਡੇ ਪੈਸੇ ਦੇ ਦਿਆਂਗਾ।"

"ਪਰ ਅੱਜ ਤਾਂ ਦਸ ਤਰੀਕ ਹੈ, ਕਿਤੇ ਪਹਿਲੀ 'ਤੇ ਤੂੰ ਮੁੱਕਰ ਗਿਆ ਤਾਂ, ਨਹੀਂ ਨਹੀਂ, ਤੂੰ ਕੱਲ੍ਹ ਜਾਂ ਪਰਸੋਂ ਪੈਸੇ ਲਿਆ ਤਾਂ ਹੀ ਤੇਰੀ ਵਹੁਟੀ ਨੂੰ ਛੁੱਟੀ ਮਿਲੂ।"

"ਨਹੀਂ ਨਹੀਂ, ਡਾਕਟਰ ਸਾਹਿਬ!"

"ਯਾਦ ਰੱਖੀਂ! ਜੇ ਸਾਨੂੰ ਕੇਸ ਠੀਕ ਕਰਨੇ ਆਉਂਦੇ ਨੇ ਤਾਂ ਅਸੀਂ ਵਿਗਾੜ ਵੀ ਸਕਦੇ ਹਾਂ।"

ਡਾਕਟਰ ਸਾਹਿਬ ਦੀ ਗੱਲ ਸੁਣ ਕੇ ਉਸ ਦਾ ਵਾਲ-ਵਾਲ ਖੜ੍ਹਾ ਹੋ ਗਿਆ। ਉਹ ਉਸੇ ਘਬਰਾਹਟ ਦੀ ਹਾਲਤ ਵਿੱਚ ਕੋਠੀ ਵਿਚੋਂ ਬਾਹਰ ਆ ਗਿਆ। ਉਸ ਦੀਆਂ ਅੱਖਾਂ ਅੱਗੇ ਕਈ ਤਰ੍ਹਾਂ ਦੇ ਆਪਣੇ ਟੱਬਰ ਪ੍ਰਤੀ ਭੈੜੇ-ਭੈੜੇ ਖਿਆਲ ਆਉਣ ਲੱਗੇ, ਉਹ ਜਾਂਦੇ ਹੀ ਰਾਣੀ ਦੀ ਮਾਂ ਦਾ ਮੰਗਲਸੂਤਰ ਲੈ ਕੇ ਬਜ਼ਾਰ ਨੂੰ ਤੁਰ ਗਿਆ। ਉਸ ਦੇ ਦਿਮਾਗ ਵਿੱਚ ਡਾਕਟਰ ਦੇ ਬੋਲ ਢੋਲ ਦੀ ਡਮ-ਡਮ ਵਾਂਗ ਵੱਜਦੇ ਰਹੇ।

**ਸਟੇਟ ਬੈਂਕ ਆਫ਼ ਇੰਡੀਆ**
**ਦੇ ਸਾਹਮਣੇ ਟਿਬਰੀ ਰੋਡ, ਗੁਰਦਾਸਪੁਰ** (ਪੰਜਾਬ)



*ਇਕਾਂਗੀ*

# ਜਬੈ ਬਾਣ ਲਾਗਿਓ

**-ਸਤਵਿੰਦਰ ਬੇਗੋਵਾਲੀਆ**



**ਪਾਤਰ**

ਚਰਨਦਾਸ : ਇੱਕ ਹਿੰਦੂ ਨੌਜਵਾਨ ਜੋ ਬਾਅਦ ਵਿੱਚ ਸਿੱਖ ਬਣ ਜਾਂਦਾ ਹੈ।
ਲੱਛਮੀ : ਚਰਨਦਾਸ ਦੀ ਮਾਂ, ਉਮਰ 48 ਸਾਲ
ਸੁਰਜਨ : ਚਰਨਦਾਸ ਦਾ ਪਿਤਾ, ਉਮਰ 50 ਸਾਲ
ਮੁਕੱਦਮ : ਉਮਰ 55 ਸਾਲ
ਇਕਬਾਲ : ਦੋ ਮੁਗਲ ਸਿਪਾਹੀ, ਹਰੇਕ ਦੀ ਉਮਰ
ਜਲਾਲ : ਲਗਭਗ 25 ਸਾਲ
ਧਰਤੀ ਮਾਂ
1
2
ਪਾਗਲ :
ਸਥਾਨ : ਇੱਕ ਨਗਰ ਦਾ ਚੁਰਾਹਾ

(ਜਦ ਰੋਸ਼ਨੀ ਹੁੰਦੀ ਹੈ ਤਾਂ ਇੱਕ ਮੁਗ਼ਲ ਸਿਪਾਹੀ ਤਲਵਾਰ ਨਾਲ ਇੱਕ ਰੇਖਾ ਖਿੱਚ ਰਿਹਾ ਹੁੰਦਾ ਹੈ ਜਿਸ ਉੱਪਰ ਕੁਝ ਆਦਮੀ ਹੌਲੀ ਹੌਲੀ ਥੱਕੇ ਥੱਕੇ ਨਜ਼ਰ ਆਉਂਦੇ, ਚਲਦੇ ਹਨ। ਇੱਕ ਹੋਰ ਮੁਗਲ ਸਿਪਾਹੀ ਉਨ੍ਹਾਂ ਦੇ ਪਿੱਛੇ ਹੋ ਕੇ ਉਨ੍ਹਾਂ ਨੂੰ ਤੋਰ ਰਿਹਾ ਹੁੰਦਾ ਹੈ। ਫਿਰ ਦੋਵੇਂ ਸਿਪਾਹੀ ਖੁਸ਼ੀ ਸਾਂਝੀ ਕਰਦੇ ਹੱਥ ਮਿਲਾਉਂਦੇ ਹਨ ਅਤੇ ਮੂਕ ਅਭਿਨੈ ਰਾਹੀਂ ਕੁਝ ਗੱਲਾਂ ਕਰਦੇ ਹੋਏ ਚਲੇ ਜਾਂਦੇ ਹਨ। ਮੰਚ ਉੱਪਰ ਫਟੇ ਕੱਪੜਿਆਂ ਵਿੱਚ ਇੱਕ ਪਾਗਲ ਆਉਂਦਾ ਹੈ)

ਪਾਗਲ : ਓ ਸੁਹਰੀ ਦਿਓ ! ਸਾਰੇ ਈ ਮਰ ਗਏ ਹੋ। ਕੋਈ ਨਹੀਂ ਜੀਂਦਾ ਤੁਰਦੀਆਂ ਫਿਰਦੀਆਂ ਲਾਸ਼ਾਂ। ਉਏ ਉੱਲੂ ਦੇ ਚਰਖੇ, ਮੈਨੂੰ ਕਹਿੰਦੇ ਨੇ ਇਹ ਪਾਗਲ ਏ। ਤੁਹਾਡੀਆਂ ਅੱਖਾਂ ਵਿੱਚ ਫੋਲੇ ਪੈ ਗਏ ਨੇ ਓ ਭੈਂਗਿਓ ! ਨੰ. 1 ਆਉਂਦਾ ਹੈ), ਨੰ. 1 ਨੂੰ) ਓ ਅਕਲਮੰਦਾ। ਅੱਜ ਦੀ ਕੋਈ ਨਵੀਂ ਤਾਜ਼ੀ ਸੁਣਾ। (ਨੰ. 1 ਚੁੱਪ ਰਹਿੰਦਾ ਹੈ) ਤੇਰੇ ਕੰਨ ਕੰਮ ਨਹੀਂ ਕਰਦੇ ? ਕੂਚੀ ਫੇਰਿਆ ਕਰ। ਪਰ ਮੇਰੇ ਕੰਨ ਕੈਮ ਨੇ। ( ਉੱਚੀ ਅਵਾਜ਼

ਵਿੱਚ) ਉਏ ਤੈਨੂੰ ਪਤੈ ਕੁੱਝ?

ਨੰ.1 : (ਹੌਲੀ ਜਿਹੀ ਅਵਾਜ਼ ਵਿੱਚ) ਕਾਹਦਾ?

ਪਾਗਲ : ਨਗਰ ਵਿੱਚ ਇਕ ਬੰਦਾ ਮਿਆਂਕਦਾ ਪਿਆ ਸੀ।

ਨੰ.1 : ਤੂੰ ਚੁਪ ਰਹਿ, ਬੋਲੀ ਨਾ (ਨੰ. 1 ਜਾਂਦਾ ਹੈ)

ਪਾਗਲ : ਲਗਦੈ ਇਹਦੀ ਵੀ ਮਾਂ ਮਰ ਗਈ ਏ ਪਰ ਮੇਰੀ ਮਾਂ ਜੀਂਦੀ ਏ (ਸਿਰ ਵੱਲ ਇਸ਼ਾਰਾ ਕਰਕੇ) ਇੱਥੇ ਰਹਿੰਦੀ ਏ। ਮੈਂ ਪਾਗਲ ਈ ਠੀਕ ਆਂ। ਮੇਰੇ ਵਿੱਚ ਚਾਨਣ ਏ, ਜਿਹੜਾ ਤੁਹਾਡੀਆਂ ਅੰਨੀਆਂ ਅੱਖਾਂ ਨੂੰ ਨਜ਼ਰ ਨਹੀਂ ਆਉਂਦਾ। ਕੀ ਥੁੜਿਆ ਸੀ ਤੁਹਾਡੇ ਜੰਮਣ ਤੋਂ ਸੂਰਬੀਰੋ? ਕਿਸੇ ਦਰੱਖਤ ਦਾ ਪੱਤਾ ਹਿੱਲਣ ਲੱਗ ਜਾਏ ਤਾਂ ਤੁਹਾਨੂੰ ਕਾਂਬਾ ਛਿੜ ਪੈਂਦੈ। (ਨੰ. 2 ਆਉ2ਦਾ ਹੈ), (ਨੰ. 2 ਨੂੰ) ਓ ਰਾਂਝਿਆ! ਕਹਿੰਦੇ ਨੇ ਅੱਜ ਮੁਹੱਲੇ ਵਿੱਚ ਕਿਸੇ ਦਾ ਜਲੂਸ ਨਿਕਲ ਗਿਐ?

ਨੰ. 2 : ਛੀ....ਛੀ....

ਪਾਗਲ : ਮੂੰਹ ਖੋਹਲ ਕੇ ਕੁਝ ਬੋਲ। ਪਰ ਤੇਰੇ ਮੂੰਹ ਤੇ ਤਾਂ ਜੰਦਰਾ ਈ ਲੱਗ ਗਿਐ। ਕੱਢਾਂ ਚਾਬੀ? ਖੋਹਲ ਦਿਆਂ ਜੰਦਰਾ??

ਨੰ.2. : ਛੀ....ਛੀ.... ਛੀ.....

ਪਾਗਲ : ਕਹਿੰਦੈ ਰਹਿਣ ਦੇ ਲਟਕਿਆ। ਇਵੇਂ ਟੋਹਰ ਬੜੀ ਬਣਦੀ ਏ (ਨੰ. 2 ਜਾਂਦਾ ਹੈ) ਇਹ ਸੁੱਤਾ ਜਾਪਦੈ, ਤੁਸੀਂ ਸਭ ਸੁੱਤੇ ਹੋ ਕੁੰਭ ਕਰਨੋ! ਉਲਟਾ ਮੈਨੂੰ ਪਾਗਲ ਕਹਿੰਦੇ ਨੇ। ਮੈਂ ਤੁਹਾਡੇ ਵਾਰ ਵਾਰ ਚੁਪੇੜਾਂ ਮਾਰੀਆਂ, ਠਾਹ ਠਾਹ ਕਰਦੀਆਂ ਚਪੇੜਾਂ ਮਾਰੀਆਂ ਕਿ ਤੁਸੀਂ ਪੁੱਛੋਗੇ- ਚਪੇੜ ਕਿਉਂ ਮਾਰੀ? ਪਰ ਤੁਸੀਂ (ਹੱਸਦਾ ਹੈ) ਪੁੱਛਿਆ ਈ ਨਾ। ਚਪੇੜਾਂ ਖਾਂਦੇ ਰਹੇ, ਖਾਂਦੇ ਰਹੇ ਤੇ ਖਾ ਰਹੇ ਹੋ ਪਰ ਮੈਂ ਠਾਹ ਠਾਹ ਕਰਦਾ ਹੋਕਾ ਦਿੰਦਾ ਰਹਾਂਗਾ-ਜਾਗੋ-ਜਾਗੋ (ਚਲਾ ਜਾਂਦਾ ਹੈ)

(ਕੁੱਝ ਬੰਦੇ ਮੰਚ ਤੇ ਦੌੜੇ ਵਿਖਾਈ ਦਿੰਦੇ ਹਨ, ਉਨ੍ਹਾਂ ਪਿੱਛੇ ਇੱਕ ਮੁਗਲ ਸਿਪਾਹੀ ਹੈ, ਇੱਕ ਹਿੰਦੂ ਨੌਜਵਾਨ ਚਰਨ ਦਾਸ ਸਿਪਾਹੀ ਨੂੰ ਵੇਖ ਕੇ ਇੱਕ ਪਾਸੇ ਲੁੱਕ ਜਾਂਦਾ ਹੈ)

ਗੀਤ ਦੀ ਆਵਾਜ਼ : ਰੋਜ਼ ਇਹ ਗੱਲਾਂ ਚਲਦੀਆਂ, ਰੋਜ਼ ਇਹ ਚਲਣ ਸ਼ਲੋਕ।
ਇਹ ਹੈ ਮੇਰੀ ਨਗਰੀ ਤੇ ਇਹ ਨੇ ਮੇਰੇ ਲੋਕ।

ਚਰਨਦਾਸ : (ਉਠਦਾ ਹੋਇਆ ਡਰੀ ਹੋਈ ਆਵਾਜ਼ ਵਿੱਚ) ਪਤਾ ਨਹੀਂ ਉਹ ਲੋਕ ਕਿਉਂ ਦੌੜੇ ਜਾ ਰਹੇ ਸਨ ਤੇ ਪਤਾ ਨਹੀਂ ਉਹ ਸਿਪਾਹੀ ਉਨ੍ਹਾਂ ਦਾ



ਪਿੱਛਾ ਕਿਉਂ ਕਰਦਾ ਪਿਆ ਸੀ। (ਚੀਖ ਸੁਣਾਈ ਦਿੰਦੀ ਹੈ) ਇਹ ਚੀਖ ਕਿਸ ਦੀ ਹੋ ਸਕਦੀ ਏ? ਜ਼ਰੂਰ ਕੋਈ ਮੁਸੀਬਤ ਵਿੱਚ ਹੋਵੇਗਾ। ਜ਼ਰੂਰ ਕਿਸੇ ਤੇ ਖਤਰੇ ਦੀ ਘੰਟੀ ਵੱਜੀ ਹੋਵੇਗੀ। (ਚੀਖ ਪਹਿਲਾਂ ਤੋਂ ਵੀ ਉੱਚੀ ਸੁਣਾਈ ਦਿੰਦੀ ਹੈ) ਕੌਣ ਏ ਚੀਖਣ ਵਾਲਾ? ਜ਼ਰਾ ਸਾਹਮਣੇ ਤਾਂ ਆ (ਭੈਭੀਤ ਹੋਇਆ ਆਸੇ ਪਾਸੇ ਵੇਖਦਾ ਹੈ ਇੱਕ ਪਾਸੇ ਰੋਸ਼ਨੀ ਹੁੰਦੀ ਹੈ ਤੇ ਧਰਤੀ ਮਾਤਾ ਵਿਖਾਈ ਦਿੰਦੀ ਹੈ)

ਧਰਤੀ ਮਾਤਾ : ਮੈਂ ਤੇਰੇ ਸਾਹਮਣੇ ਆਂ ਬੱਚਾ।

ਚਰਨਦਾਸ : ਤੂੰ ਕੌਣ ਏਂ?

ਧਰਤੀ ਮਾਤਾ : ਮੈਂ ਇਸ ਨਗਰ ਦੀ ਧਰਤੀ ਮਾਤਾ ਹਾਂ।

ਚਰਨਦਾਸ : ਧਰਤੀ ਮਾਂ! ਮੇਰਾ ਪ੍ਰਣਾਮ ਸਵੀਕਾਰ ਕਰਨਾ।

ਧਰਤੀ ਮਾਤਾ : ਗਿੱਦੜ ਤੋਂ ਸ਼ੇਰ ਬਣੇ ਬੱਚਾ।

ਚਰਨਦਾਸ : (ਹੈਰਾਨੀ ਵਿੱਚ) ਇਹ ਕੀ?

ਧਰਤੀ ਮਾਤਾ : ਇਹ ਮੇਰਾ ਅਸ਼ੀਰਵਾਦ ਏ।

ਚਰਨਦਾਸ : ਇਹ ਕਿਹੋ ਜਿਹਾ ਅਸ਼ੀਰਵਾਦ ਏ ਧਰਤੀ ਮਾਂ?

ਧਰਤੀ ਮਾਤਾ : ਇਹੋ ਜਿਹਾ ਅਸ਼ੀਰਵਾਦ ਦੇਣਾ ਸਮੇਂ ਦੀ ਲੋੜ ਏ। ਜਦ ਚਾਰੇ ਪਾਸੇ ਗਿੱਦੜਾਂ ਦੀ ਭਰਮਾਰ ਹੋਵੇ ਤਾਂ ਸਭ ਤੋਂ ਢੁਕਵਾਂ ਅਸ਼ੀਰਵਾਦ ਇਹੋ ਹੋ ਸਕਦੈ ਬੱਚਾ। ਤੂੰ ਨਹੀਂ ਜਾਣਦਾ, ਮੈਂ ਕਿੰਨੀ ਦੁੱਖੀ ਆਂ।

ਚਰਨਦਾਸ : ਤੂੰ ਦੁੱਖੀ ਕਿਉਂ ਏ ਧਰਤੀ ਮਾਂ?

ਧਰਤੀ ਮਾਤਾ : ਮੇਰੀ ਹਿੱਕ ਉੱਪਰ ਕੀ ਕੀ ਨਹੀਂ ਹੋਇਆ। ਮੇਰੀ ਹਿੱਕ ਉਪਰ ਮਜ਼ਦੂਰਾਂ ਦੀ ਕਮਾਈ ਲੁੱਟ ਕੇ ਉਹਦੇ ਯੱਗ ਲਗਾਏ ਜਾਂਦੇ ਰਹੇ। ਮੇਰੀ ਹਿੱਕ ਉੱਪਰ ਔਰਤਾਂ ਨੂੰ ਜਬਰੀ ਚੁੱਕ ਕੇ ਵੇਚਿਆ ਗਿਆ ਉਹ ਸਹਾਇਤਾ ਲਈ ਚੀਖਦੀਆਂ ਰਹੀਆਂ....

ਆਵਾਜ਼ : ਬਚਾਓ, ਕੋਈ ਤਾਂ ਬਚਾਓ। ਕੋਈ ਹੈ ਜੋ ਮੈਨੂੰ ਇਨ੍ਹਾਂ ਜਾਬਰਾਂ ਤੋਂ ਬਚਾਏ? ਕੋਈ ਹੈ? ਕੋਈ ਵੀ ਨਹੀਂ.... ਮੇਰੇ ਤੇ ਰਹਿਮ ਕਰੋ, ਮੈਂ ਰਹਿਮ ਦੀ ਭੀਖ ਮੰਗਦੀ ਆਂ।

ਚਰਨਦਾਸ : (ਕੰਬਦੀ ਆਵਾਜ਼ ਵਿੱਚ) ਇਹ ਵਾਜ... ਕਿਹਦੀ ਸੀ ਧਰਤੀ ਮਾਂ? ਮੈਨੂੰ.... ਡਰ ਲੱਗ ਰਹੈ.... ਵਾਜਾਂ ਸੁਣ ਕੇ।

ਧਰਤੀ ਮਾਤਾ : ਦਰਦ ਭਰੀ ਇੱਕ ਆਵਾਜ਼ ਸੁਣ ਕੇ ਹੀ ਡਰ ਗਿਐਂ? ਮੈਂ ਕਿੰਨੀਆਂ ਆਵਾਜ਼ਾਂ ਸੁਣੀਆਂ.... ਵੱਖ ਵੱਖ ਤਰ੍ਹਾਂ ਦੀਆਂ ਆਵਾਜ਼ਾਂ.... ਉੱਚੀ

ਤੇਜ਼ ਤੇ.... ਤਰਲੇ ਭਰੀਆਂ ਆਵਾਜ਼ਾਂ। ਆਹ ਵੇਖ! ਮੇਰੀ ਹਿੱਕ ਦਾ ਰੰਗ....

ਚਰਨਦਾਸ : ਇਹ ਰੰਗ ਲਾਲ ਕਿਉਂ ਏ?

ਧਰਤੀ ਮਾਤਾ : ਕਿੰਨਾ ਖ਼ੂਨ ਡੁਲਿਐ ਮੇਰੀ ਹਿੱਕ ਉਤੇ ਗਰੀਬਾਂ ਦਾ, ਨਿਆਸਰਿਆਂ ਦਾ। ਕਿਸੇ ਨੇ ਕਿਸੇ ਦੀ ਕੋਈ ਫਰਿਆਦ ਨਾ ਸੁਣੀ। ਸ਼ਿਕਾਰੀਆਂ ਨੇ ਸ਼ਿਕਾਰ ਜਾਰੀ ਰੱਖਿਆ। ਸਦੀਆਂ ਤੋਂ ਇਹੋ ਸ਼ਿਕਾਰ ਹੁੰਦਾ ਆ ਰਿਹੈ। ਜਾਬਰ ਲੋਕ ਪਾਪ ਕਮਾਉਂਦੇ ਰਹੇ, ਫਿਰ ਮਾਸੂਮਾਂ ਦੀਆਂ ਚੀਖਾਂ, ਪੁਕਾਰਾਂ, ਲੁੱਟ।

ਗੀਤ ਦੀ ਆਵਾਜ਼ : ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀਂ ਮੰਗੇ ਦਾਨ। ਸ਼ਰਮ ਧਰਮ ਦੁਇ ਛੁੱਪ ਖਲੋਤੇ, ਕੂੜ ਫਿਰੇ ਪ੍ਰਧਾਨ।

ਚਰਨਦਾਸ : ਧਰਤੀ ਮਾਂ, ਇਹ ਦੱਸ ਤੇਰੇ ਤੇ ਸਦੀਆਂ ਤੋਂ ਕਿਸੇ ਧਰਮ ਵਾਲੇ ਲੋਕਾਂ ਨੇ ਜ਼ੁਲਮ ਕੀਤੇ ਨੇ?

ਧਰਤੀ ਮਾਤ : ਜਾਬਰ ਦਾ ਕੋਈ ਧਰਮ ਨਹੀਂ ਹੁੰਦਾ। ਉਹਦਾ ਧਰਮ ਜ਼ੁਲਮ ਕਰਨਾ ਹੁੰਦੈ, ਉਹਦਾ ਧਰਮ ਕਮਜ਼ੋਰਾਂ ਨੂੰ ਗੁਲਾਮ ਬਣਾਉਣਾ ਹੁੰਦੈ ਤੇ ਸਾਰੀ ਮਨੁੱਖਤਾ ਦੇ ਗਲ ਵਿੱਚ ਫਾਹੀ ਪੈ ਜਾਂਦੀ ਏ। ਹੁਣ ਚਾਰੇ ਪਾਸੇ ਹਨ੍ਹੇਰਾ ਈ ਹਨ੍ਹੇਰਾ ਏ।

ਚਰਨਦਾਸ : ਕਿਤੇ ਵੀ ਚਾਨਣ ਨਹੀਂ?

ਧਰਤੀ ਮਾਤਾ : ਹੈ, ਚਾਨਣ ਹੈ ਆਨੰਦਪੁਰ ਦੀ ਧਰਤੀ ਤੇ, ਪਰ ਚਾਨਣ ਦੇ ਸਾਹਮਣੇ ਇਹਨਾਂ ਲੋਕਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਨੇ। ਆਹ ਲੋਕ ਹਨ੍ਹੇਰੇ ਦੀ ਬੁੱਕਲ ਵਿੱਚ ਰਹਿਣ ਦੇ ਆਦੀ ਹੋ ਗਏ ਨੇ।

ਚਰਨ ਦਾਸ : ਮੈਂ ਸਮਝਿਆ ਨਹੀਂ ਧਰਤੀ ਮਾਂ।

ਧਰਤੀ ਮਾਤਾ : ਸਮਝ ਜਾਏਂਗਾ ਜਦ ਬਾਣ ਤੇਰੀ ਛਾਤੀ ਤੇ ਲੱਗਾ।

ਆਵਾਜ਼ : ਜਬੈ ਬਾਣ ਲਾਗਿਯੋ॥
ਤਬੈ ਰੋਸ ਜਾਗਿਯੋ॥
ਕਰੰ ਲੈ ਕਮਾਣੰ॥
ਹਨੰ ਬਾਣ ਤਾਣੰ॥
ਜਬੈ ਬਾਣ.....

ਚਰਨ ਦਾਸ : ਹੇ ਈਸ਼ਵਰ! ਮੈਂ ਕੀ ਕਰਾਂ? (ਪਾਗਲ ਆਉਂਦਾ ਹੈ)

ਪਾਗਲ : ਓਏ ਕੀਹਦੇ ਨਾਲ ਗੱਲਾਂ ਕਰੀ ਜਾਨੈਂ?



ਚਰਨ ਦਾਸ : ਧਰਤੀ ਮਾਂ ਨਾਲ (ਧਰਤੀ ਮਾਂ ਵਿਖਾਈ ਨਹੀਂ ਦਿੰਦੀ) ਉਹੋ, ਮੈਂ ਕੋਈ ਸੁਫ਼ਨਾ ਲੈ ਰਿਹਾ ਸੀ।

ਪਾਗਲ : ਲਈ ਜਾ ਸੁਫ਼ਨੇ। ਸੁਫ਼ਨੇ ਮਿੱਠੇ ਹੁੰਦੇ ਨੇ ਤੇ ਅਸਲੀਅਤ ਬੜੀ ਕੌੜੀ ਹੁੰਦੀ ਏ। ਤੈਨੂੰ ਧਰਤੀ ਮਾਂ ਕੀ ਕਹਿੰਦੀ ਸੀ?

ਚਰਨਦਾਸ : ਸਮਝਾਉਂਦੀ ਸੀ।

ਪਾਗਲ : ਤੈਨੂੰ? ਧਰਤੀ ਮਾਂ! ਤੂੰ ਕਿਸ ਬੁੱਧੂ ਨੂੰ ਸਮਝਾ ਰਹੀ ਸੀ। ਇਹਦੇ ਅੱਗੇ ਭਾਸ਼ਣ ਝਾੜਣਾਂ ਤਾਂ ਝੋਟੇ ਅੱਗੇ ਬੀਨ ਵਜਾਉਣ ਵਾਲੀ ਗੱਲ ਏ। ਧਰਤੀ ਮਾਂ! ਇਹ ਭੇਡਾਂ ਦੀ ਮੰਡੀ ਏ, ਜਿੱਧਰ ਮਰਜ਼ੀ ਤੋਰ ਲਉ ਡੰਡੇ ਦੇ ਜ਼ੋਰ ਨਾਲ।

ਚਰਨ ਦਾਸ : ਤੂੰ ਪਾਗਲ ਏਂ, ਤਾਂ ਹੀ ਪਾਗਲਪਨ ਪਿਆ ਕਰਦੈਂ!

ਪਾਗਲ : ਪਾਗਲ ਮੈਂ (ਗੁੱਸੇ ਵਿੱਚ) ਪਾਗਲ ਤੂੰ, ਪਾਗਲ ਤੇਰੀ ਮਾਂ ਜਿਹਨੇ ਜੰਮਿਐ ਸੂਰਮਾ ਪੁੱਤਰ, ਪਾਗਲ ਤੇਰੇ ਦਾਦੇ, ਪਾਗਲ ਤੇਰੇ ਪੜਦਾਦੇ, ਪਾਗਲ ਤੇਰੇ ਪੜਦਾਦਿਆਂ ਦੇ ਪੜਦਾਦੇ। ਰਾਮ ਪਾਗਲ, ਸ਼ਾਮ ਪਾਗਲ, ਨੱਥੂ ਪਾਗਲ, ਲੱਛੂ ਪਾਗਲ, ਘਸੀਟਾ ਪਾਗਲ। ਸਾਰੇ ਗੁਲਾਮ, ਸਹੁਰੀ ਦੀ ਸਾਰੇ ਈ ਗੁਲਾਮ।

ਚਰਨ ਦਾਸ : ਮੈਂ ਕਿਸ ਤਰ੍ਹਾਂ ਗੁਲਾਮ ਆਂ?

ਪਾਗਲ : ਆਪਣੇ ਕੱਪੜਿਆਂ ਵੱਲ ਵੇਖ। ਬੜੇ ਸੁਹਣੇ ਨੇ ਤੇਰੇ ਕੱਪੜੇ, ਨਿਰਾ ਸੀਸ਼ਾ, ਵਿੱਚੋਂ ਭਾਵੇਂ ਮੂੰਹ ਵੇਖ ਲਉ। ਕੱਪੜੇ ਇਸ ਤਰ੍ਹਾਂ ਦੇ ਪਾਏ ਨੇ ਜਿਵੇਂ ਕੂੜੀ ਦੱਬ ਕੇ ਆਇਆ ਹੋਵੇ।

ਚਰਨ ਦਾਸ : ਜ਼ਿਆਦਾ ਸੁਹਣੇ ਕੱਪੜੇ ਨਹੀਂ ਪਹਿਨੀਦੇ, ਨਹੀਂ ਤਾਂ ਕਿਸੇ ਦੀ ਨਜ਼ਰ ਲੱਗ ਸਕਦੀ ਏ।

ਪਾਗਲ : ਸਿੱਧਾ ਕਿਉਂ ਨਹੀਂ ਕਹਿੰਦਾ ਮਰਦਾ ਕਿ ਹਿੰਦੂਆਂ ਨੂੰ ਵਧੀਆ ਕੱਪੜੇ ਪਾਉਣ ਦੀ ਖੁੱਲ੍ਹ ਈ ਨਹੀਂ। ਤੁਸੀਂ ਲੋਕ ਗਹਿਣਾ ਨਹੀਂ ਪਾ ਸਕਦੇ। ਕੀ ਮੈਂ ਪਾਗਲ ਆਂ?

ਚਰਨ ਦਾਸ : (ਕੁੱਝ ਗੰਭੀਰਤਾ ਵਿੱਚ) ਸ਼ੈਦ ਤੇਰੀ ਗੱਲ ਠੀਕ ਈ ਹੋਵੇ।

ਪਾਗਲ : ਤੁਸੀਂ ਲੋਕ ਤਾਂ ਆਪਣੇ ਤਿਉਹਾਰ ਨਹੀਂ ਮਨਾ ਸਕਦੇ, ਮੇਲੇ ਨਹੀਂ ਲਾ ਸਕਦੇ। ਨਾਚ ਨਹੀਂ ਨੱਚ ਸਕਦੇ। ਸਰਕਾਰ ਤੁਹਾਨੂੰ ਚੰਗਾ ਕੁੱਟਦੀ ਏ ਤੇ ਫਿਰ ਖੁੱਲ੍ਹ ਕੇ ਰੋਣ ਵੀ ਨਹੀਂ ਦਿੰਦੀ। ਕੀ ਮੈਂ ਝੂਠ ਬੋਲਿਆ? ਕੀ ਮਾਂ ਪਾਗਲ ਆਂ?

ਚਰਨ ਦਾਸ : ਇਹ ਵੀ ਸੱਚ ਈ ਜਾਪਦੈ।

ਪਾਗਲ : ਓਏ ਤੂੰ ਕਦੇ ਘੋੜੇ ਦੀ ਸਵਾਰੀ ਕੀਤੀ ਏ ?

ਚਰਨ ਦਾਸ : ਨਾ ਨਾ, ਮੈਂ ਨਹੀਂ ਕਦੇ ਘੋੜੇ ਤੇ ਚੜ੍ਹਿਆ।

ਪਾਗਲ : ਘੋੜੇ ਤੇ ਚੜ੍ਹਿਆਂ ਵੀ ਨਜ਼ਰ ਲੱਗ ਜਾਂਦੀ ਏ ?

ਚਰਨ ਦਾਸ : ਘੋੜ ਸਵਾਰੀ ਕਰਦਾ ਬੰਦਾ ਡਿਗ ਸਕਦੈ ਤੇ ਐਵੇਂ ਲੱਤ ਬਾਂਹ ਤੁੜਾ ਸਕਦੈ ਰਾਹ ਜਾਂਦਾ।

ਪਾਗਲ : ਨਾ ਨਾ ਨਾ (ਹੱਸਦਾ ਹੈ) ਤੇਰੇ ਹੱਥ ਘੋੜੇ ਦੀ ਲਗਾਮ ਤੱਕ ਨਹੀਂ ਜਾ ਸਕਦੇ, ਤੇਰੇ ਹੱਥ ਬੰਨ੍ਹੇ ਹੋਏ ਨੇ। ਤੇਰੇ ਪੈਰ ਰਕਾਬ ਉੱਪਰ ਨਹੀਂ ਆ ਸਕਦੇ। ਤੇਰੇ ਪੈਰਾਂ ਵਿੱਚ ਬੇੜੀਆਂ ਨੇ। ਮੇਰੀ ਗੱਲ ਸਮਝ ਪਈ ਕਿ ਨਹੀਂ ? ਕੀ ਮੈਂ ਪਾਗਲ ਆਂ ?

ਚਰਨ ਦਾਸ : (ਨਿਰਾਸ਼ਾ ਵਿੱਚ) ਨਹੀਂ ਨਹੀਂ, ਮੈਂ ਪਾਗਲ ਆਂ। ਤੂੰ ਸਿਆਣਾ ਏਂ....

ਪਾਗਲ : ਅੱਜ ਪਹਿਲੀ ਵਾਰ ਮੈਨੂੰ ਕਿਸੇ ਨੇ ਸਿਆਣਾ ਕਿਹੈ। (ਜ਼ੋਰ ਨਾਲ ਹੱਸਦਾ ਹੈ) ਪਰ ਮੈਂ ਤਾਂ ਪਾਗਲ ਆਂ, ਤੂੰ ਪਾਗਲ ਨਹੀਂ। ਮੈਂ ਆਪਣੀ ਥਾਂ ਤੈਨੂੰ ਕਿਉਂ ਦੇਵਾਂ। ਪਾਗਲ ਮੈਂ ਆਂ। (ਪਾਗਲ ਬੋਲਦਾ ਬੋਲਦਾ ਚਲਾ ਜਾਂਦਾ ਹੈ)

ਆਵਾਜ਼ਾਂ : ਬਚਾਓ, ਬਚਾਓ। ਰਹਿਮ ਕਰੋ, ਦੌੜੋ....
(ਦੋ ਨੌਜਵਾਨ ਦੌੜੇ ਆਉਂਦੇ ਹਨ, ਉਨ੍ਹਾਂ ਪਿੱਛੇ ਇਕਬਾਲ ਨਾਂ ਦਾ ਹਥਿਆਰਬੰਦ ਸਿਪਾਹੀ ਹੈ। ਦੋਵੇਂ ਨੌਜਵਾਨ ਲੁੱਕ ਜਾਂਦੇ ਹਨ, ਸਿਪਾਹੀ ਨੂੰ ਵੇਖ ਕੇ ਚਰਨਦਾਸ ਵੀ ਲੁੱਕ ਜਾਂਦਾ ਹੈ)

ਇਕਬਾਲ : ਕਾਫ਼ਰ, ਕਾਫ਼ਰ ਜਹਾਨ ਦੇ। ਕਿਥੋਂ ਸਵੇਰੇ ਸਵੇਰੇ ਮੱਥੇ ਲੱਗ ਗਏ। ਸਾਡੀ ਸ਼ਕਤੀ ਦਾ ਸਿੱਕਾ ਏ ਕਿ ਮੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ (ਹੱਸਦਾ ਹੈ) ਪਤਾ ਨਹੀਂ ਕਿੱਥੇ ਲੁੱਕ ਗਏ ? ਚੂਹੇ ਖੁੱਡਾਂ ਵਿੱਚ ਲੁੱਕ ਗਏ। ਜ਼ਰੂਰ ਆਪਣੀਆਂ ਮਾਵਾਂ ਦੀਆਂ ਗੋਦੀਆਂ ਵਿੱਚ ਬੈਠੇ ਹੋਣਗੇ। ਕਹਿੰਦੇ ਹੋਣੇ ਨੇ-ਅੰਮਾਂ ! ਅਸਾਂ ਬੜੀ ਸੂਰਮਗਤੀ ਵਿਖਾਈ ਏ ਜੋ ਅਸੀਂ ਇਕਬਾਲ ਤੋਂ ਬਚ ਕੇ ਆ ਗਏ ਆਂ। ਆਪਣੀਆਂ ਅੰਮਾਂ ਕੋਲੋਂ ਚੂਰੀ ਖਾਂਦੇ ਹੋਣਗੇ। ਚੂਰੀ.... ਚੂ...ਰੀ। ਚੂਰੀ ਦੀ ਬੜੀ ਸ਼ਿੱਦਤ ਨਾਲ ਇੰਤਜ਼ਾਰ ਰਹਿੰਦੀ ਏ। ਪਰ ਉਹ ਸੁੱਕੇ ਬਚ ਗਏ... (ਜਲਾਲ ਨਾਂ ਦਾ ਸਿਪਾਹੀ ਆਉਂਦਾ ਹੈ)

ਜਲਾਲ : ਕੌਣ ਸੁੱਕੇ ਬਚ ਗਏ ?



ਇਕਬਾਲ : ਹੈ ਸੀ ਦੋ ਕੁ ਕਾਫਰ।

ਜਲਾਲ : ਅੱਜ ਕੱਲ੍ਹ ਬਹੁਤ ਬਹਾਦਰ ਯੋਧਾ ਹੋ ਗਿਐ ਮੁਹੰਮਦ ਇਕਬਾਲ।

ਇਕਬਾਲ : ਕੋਈ ਬੰਦਾ ਸਾਡੇ ਅੱਗੇ ਅੱਗੇ ਦੌੜਦਾ ਹੋਵੇ ਤੇ ਸਾਡੇ ਹੱਥ ਵਿੱਚ ਹੋਵੇ ਤਲਵਾਰ, ਫਿਰ ਸਾਡੀ ਹਿੰਮਤ ਕਈ ਗੁਣਾਂ ਵਧ ਜਾਂਦੀ ਏ।

ਜਲਾਲ : (ਮੁਸਕਰਾਉਂਦਾ ਹੋਇਆ) ਅੱਜ ਕੱਲ੍ਹ ਕਿਵੇਂ ਚੱਲ ਰਿਹੈ ?

ਇਕਬਾਲ : ਖੁਦਾ ਦਾ ਸ਼ੁਕਰ ਏ, ਮੁਕੱਦਮ ਹਜ਼ੂਰ ਦੀ ਰਹਿਮਤ ਏ ਜਿਨ੍ਹਾਂ ਮੈਨੂੰ ਇਸ ਮੁਹੱਲੇ ਤਾਇਨਾਤ ਕੀਤੈ। ਮੌਜਾਂ ਬਣੀਆਂ ਨੇ ਮੌਜਾਂ। ਤੂੰ ਆਪਣੇ ਬਾਰੇ ਬੋਲ।

ਜਲਾਲ : ਮੇਰੇ ਤੇ ਮੁਕੱਦਮ ਹਜ਼ੂਰ ਦੀ ਨਿਗਾਹ ਸਵੱਲੀ ਏ।

ਇਕਬਾਲ : ਫਿਰ ਤਾਂ ਅਸੀਂ ਇੱਕੋ ਈ ਥੈਲੀ ਦੇ ਚੱਟੇ-ਵੱਟੇ।

ਜਲਾਲ : ਖਲਕਤ ਜਾਵੇ ਮਿੱਟੀ ਘੱਟੇ।

ਇਕਬਾਲ : ਹਜ਼ੂਰ ਨੂੰ ਖੁਸ਼ ਰੱਖੋ, ਉਹਦੇ ਮੱਥੇ ਤੇ ਤਿਊੜੀ ਨਜ਼ਰ ਨਾ ਆਵੇ।

ਜਲਾਲ : ਉਹਦੀ ਖੁਸ਼ਾਮਦ ਕਰੋ, ਪਾਸਾ ਪੁੱਠਾ ਨਹੀਂ ਪਵੇਗਾ।

ਇਕਬਾਲ : ਉਹ ਦਿਨ ਨੂੰ ਰਾਤ ਆਖੇ ਤਾਂ ਕਹਿ ਦਿਓ ਰਾਤ ਏ।

ਜਲਾਲ : ਹਜ਼ੂਰ ਨੂੰ ਭਾਵੇਂ ਖੰਘ ਲੱਗੀ ਹੋਵੇ, ਗਲਾ ਬੈਠਾ ਹੋਵੇ, ਕਹਿ ਦਿਓ ਤੁਹਾਡੀ ਤਾਂ ਕੋਇਲ ਵਰਗੀ ਆਵਾਜ਼ ਏ।

ਇਕਬਾਲ : ਹਾਂ, ਕਹੋ ਸਾਰੀ ਖਲਕਤ ਨੂੰ ਹਜ਼ੂਰ ਤੇ ਨਾਜ਼ ਏ।

ਜਲਾਲ : ਹਜ਼ਰੂ ਦੀ ਗਜਬ ਦੀ ਤੋਰ ਏ। (ਹੌਲੀ ਜਿਹਾ) ਭਾਵੇਂ ਹਜ਼ੂਰ ਢਿਚਕ ਈ ਮਾਰਦਾ ਹੋਵੇ।

ਇਕਬਾਲ : ਹਜ਼ੂਰ ਦੇ ਚਿਹਰੇ ਤੇ ਤੇਜ ਵੇਖਣ ਵਾਲੈ। ਭਾਵੇਂ ਚਿਹਰੇ ਤੇ ਕਾਲੋਂ ਈ ਪਈ ਹੋਵੇ।

ਜਲਾਲ : ਠੀਕ ਸਮੇਂ ਤੇ ਠੀਕ ਤੀਰ ਚਲਾਓ।

ਇਕਬਾਲ : ਹਜ਼ੂਰ ਦੇ ਚਿਹਰੇ ਤੇ ਰੌਣਕ ਲਿਆਓ।

ਜਲਾਲ : ਹਕੀਕਤ ਤੇ ਪਰਦਾ ਪਾਓ।

ਇਕਬਾਲ : ਹਜ਼ੂਰ ਦੇ ਝੋਲੀ ਚੁੱਕ ਬਣ ਜਾਓ।

ਜਲਾਲ : ਹਜ਼ੂਰ ਤੇ ਜਨਤਾ ਵਿਚਕਾਰ ਕੰਧ ਬਣ ਜਾਓ।

ਇਕਬਾਲ : ਪਰ ਹਜ਼ੂਰ ਦੇ ਚਿਹਰੇ ਤੇ ਰੌਣਕ ਲਿਆਓ (ਦੋਵੇਂ ਹੱਸਦੇ ਹਨ) ਹਜ਼ੂਰ ਦਾ ਗੁੱਸਾ ਬੜੇ ਕਹਿਰ ਦਾ ਏ। ਜੇ ਉਹਦੇ ਗੁੱਸੇ ਦੀ ਬਿਜਲੀ ਕਿਤੇ ਸਾਡੇ ਤੇ ਡਿੱਗ ਪਈ ਤਾਂ ਹਜ਼ੂਰ ਤਬਾਦਲਾ ਕਰਵਾ ਦੇਣਗੇ ਉਸ

ਥਾਂ....

ਜਲਾਲ : ਜਿਥੋਂ ਪੀਣ ਲਈ ਪਾਣੀ ਨਾ ਮਿਲੇ।

ਇਕਬਾਲ : ਜਿੱਥੇ ਕੱਟਣੇ ਪੈਣਗੇ ਜ਼ਿਲੇ।

ਜਲਾਲ : ਜਿਥੇ ਨਾ ਸਾਉਣੀ ਹੋਵੇ ਨਾ ਹੋਵੇ ਹਾੜ੍ਹੀ।

ਇਕਬਾਲ : ਜਿੱਥੇ ਬੋਝ ਰਹਿਣ ਖਾਲੀ ਖਾਲੀ, ਨਾ ਹੀ ਬਣੇ ਕਦੇ ਦਿਹਾੜੀ।

ਜਲਾਲ : ਅੱਛਾ,ਅੱਛਾ। ਤੁਸੀਂ ਬਣਾਓ ਦਿਹਾੜੀ ਤੇ ਆਪਾਂ ਲੱਭਣ ਚੱਲੇ ਆਂ ਕੋਈ ਸ਼ਿਕਾਰ। (ਜਲਾਲ ਚਲਾ ਜਾਂਦਾ ਹੈ)

ਇਕਬਾਲ : ਆਪਾਂ ਮਾਰਦੇ ਆਂ ਆਪਣੀ ਮਾਰ।

(ਇਕਬਾਲ ਲੁੱਕੇ ਹੋਏ ਦੋਵੇਂ ਨੌਜਵਾਨਾਂ ਨੰ. 1 ਅਤੇ ਨੰ. 2 ਨੂੰ ਫੜ੍ਹ ਲੈਂਦਾ ਹੈ)

ਓਏ, ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਊ। ਅਸੀਂ ਤਾਂ ਪਤਾਲ ਵਿੱਚੋਂ ਕਾਫ਼ਰਾਂ ਨੂੰ ਖੋਜ ਲਿਆਉਂਦੇ ਆਂ।ਮੇਰਾ ਨਾਂ ਮੁਹੰਮਦ ਇਕਬਾਲ ਏ ਮੁਹੰਮਦ ਇਕਬਾਲ, ਜਿਹਨੂੰ ਵੇਖ ਕੇ ਦਸ ਦਸ ਕਾਫ਼ਰ ਤਿੱਤਰ ਹੋ ਜਾਂਦੇ ਨੇ।

1 : (ਕੰਬਦੇ ਹੋਏ) ਸਾਨੂੰ ਮਾਫ਼ ਕਰ ਦਿਓ ਬਾਦਸ਼ਾਹੋ।

ਇਕਬਾਲ : ਕਿਸ ਗੁਸਤਾਖੀ ਬਦਲੇ ? (ਜ਼ੋਰਦਾਰ ਹਾਸਾ ਹੱਸਦਾ ਹੈ) ਇਹ ਨਹੀਂ ਪਤਾ ਇਨ੍ਹਾਂ ਕਿਹੜੀ ਗੁਸਤਾਖੀ ਕੀਤੀ ਏ ਤੇ ਇਹ ਆਪਣੇ ਜ਼ੁਰਮ ਦਾ ਇਕਬਾਲ ਕਰ ਰਿਹੈ। ਇਹ ਦੱਸੋ, ਮੈਨੂੰ ਵੇਖ ਕੇ ਐਂ ਕਿਉਂ ਦੌੜੇ ਜਿਵੇਂ ਗੁਲੇਲ ਨੂੰ ਵੇਖ ਕੇ ਕਾਂ ਦੌੜਦੈ।

2 : ਜੀ ਤੁਹਾਡੀ ਤਲਵਾਰ ਵੇਖ ਕੇ ਦੌੜ ਪਏ ਸੀ।

ਇਕਬਾਲ : ਅੱਛਾ, ਅੱਛਾ! (ਗੱਲ ਪਲਟਦਾ ਹੋਇਆ) ਤੁਹਾਡੇ ਲਈ ਸ਼ਾਹੀ ਫੁਰਮਾਨ ਏ ਕਿ ਤੁਸੀਂ ਆਪਣੇ ਘਰੋਂ ਦੋ ਦੋ ਸੇਰ ਦੁੱਧ ਲੈ ਕੇ ਆਓ।

1 : ਜੀ ਸਾਡੇ ਘਰ ਤਾਂ ਮੱਝ ਈ ਕੋਈ ਨਹੀਂ।

2 : ਸਾਡੇ ਵੀ ਨਹੀਂ... ਜੀ ਦੁੱਧ ਕਿਥੋਂ ਲੈ ਕੇ ਆਈਏ ?

ਇਕਬਾਲ : (ਨੰ. 2 ਦੇ ਥੱਪੜ ਮਾਰਦਾ ਹੋਇਆ) ਹਰਾਮਜਾਦੇ, ਆਪਣੇ ਘਰ ਦੁੱਧ ਨਹੀਂ ਤਾਂ ਗਵਾਂਢੀ ਮਰ ਤਾਂ ਨਹੀਂ ਗਏ। ਤਲਾਸ਼ੀ ਦਿਓ, ਚਾਂਦੀ ਦੇ ਚਾਰ ਸਿੱਕੇ ਈ ਮਿਲ ਜਾਣ ਤਾਂ ਮੁੱਠੀ ਗਰਮ ਹੋ ਜਾਏ। (ਦੋਵਾਂ ਦੀਆਂ ਜੇਬਾਂ ਫੋਲਦਾ ਹੈ)

ਖ਼ੂਬ! ਲੱਭ ਗਏ ਦੋ ਸਿੱਕੇ। ਅੱਲਾ ਤਾਲਾ ਦੀ ਰਹਿਮਤ ਹੋ ਗਈ



ਸਵੇਰੇ! ਮੈਂ ਸਿਪਾਹੀ ਆਂ ਸਿਪਾਹੀ। ਸਿਪਾਹੀਆਂ ਦੀ ਮੁੱਠੀ ਗਰਮ ਹੋਣੀ ਚਾਹੀਦੀ ਏ, ਫਿਰ ਆਪਣਾ ਕੰਮ ਦਰੁਸਤ ਕਰਦੇ ਨੇ। ਮੁੱਠੀ ਗਰਮ ਕਰਾਓ ਤੇ ਅੱਲਾ ਦੀ ਰਹਿਮਤ ਪਾਓ (ਹੱਸਦਾ ਹੋਇਆ ਚਲਾ ਜਾਂਦਾ ਹੈ)

1 : ਹੱਸਦਾ ਕਿਵੇਂ ਸੀ! ਉਹ ਹੱਸਿਆ ਤਾਂ ਇਵੇਂ ਲੱਗਾ ਜਿਵੇਂ ਇੱਟਾਂ ਦਾ ਚੱਕਾ ਡਿਗ ਪਿਆ ਹੋਵੇ।

2 : ਸ਼ੁਕਰ ਕਰ ਰੱਬ ਦਾ ਉਹ ਮਗਰੋਂ ਲੱਥ ਗਿਐ। (ਚਰਨ ਦਾਸ ਆਉਂਦਾ ਹੈ)

ਚਰਨ ਦਾਸ : ਮੈਂ ਸਭ ਵੇਖ ਲਿਐ ਆਪਣੀਆਂ ਅੱਖਾਂ ਨਾਲ। ਅਸੀਂ ਤੁਸੀਂ ਸਾਰੇ ਗੁਲਾਮ ਆਂ। ਗੁਲਾਮ ਦੀ ਕਾਹਦੀ ਜ਼ਿੰਦਗੀ ? ਥੂ ਇਸ ਤਰ੍ਹਾਂ ਦੀ ਜ਼ਿੰਦਗੀ ਤੇ। ਹਰ ਵੇਲੇ ਸਿਰ ਤੇ ਡੰਡਾ। ਤੁਸੀਂ ਵੀ ਸ਼ੇਰ ਬਣੋ, ਫਿਰ ਵੇਖਣਾ ਇਵੇਂ ਦੇ ਭਾੜੇ ਦੇ ਸਿਪਾਹੀਆਂ ਦੀ ਸੂਰਮਗਤੀ ਕਿਧਰ ਜਾਂਦੀ ਏ।

1 : ਹੌਲੀ ਬੋਲ ਹੌਲੀ, ਕੰਧਾਂ ਨੂੰ ਕੰਨ ਹੁੰਦੇ ਨੇ। ਜੇ ਉਸ ਸਿਪਾਹੀ ਨੂੰ ਭਿਣਕ ਪੈ ਗਈ ਤਾਂ....

ਚਰਨ ਦਾਸ : ਮਰਵਾ ਦੇਵੇਗਾ, ਹੋਰ ਕੀ ਕਰ ਲਵੇਗਾ ? ਰੋਜ਼ ਰੋਜ਼ ਮਰਨ ਨਾਲੋਂ ਇੱਕ ਦਿਨ ਮਰ ਜਾਵੇ ਤਾਂ ਕਿਤੇ ਚੰਗਾ ਏ।

2 : ਇਹਦਾ ਸਿਰ ਫਿਰ ਗਿਐ ਲਗਦੈ, ਹਕੂਮਤ ਨਾਲ ਟੱਕਰ ਲੈਣ ਦੀ ਗੱਲ ਕਰਦੈ।

1. : (ਮਖੌਲੀਆ ਅੰਦਾਜ਼ ਵਿੱਚ) ਹਾਥੀ ਅੱਗੇ ਕੀੜੀ!

2. : ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ।

(ਦੋਵੇਂ ਜਣੇ ਚਰਨਦਾਸ ਦੁਆਲੇ ਚੱਕਰ ਕੱਢਦੇ ਹੋਏ ਇਹੋ ਗਾਉਂਦੇ ਹਨ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ' ਗਾਉਂਦੇ ਗਾਉਂਦੇ ਚਲੇ ਜਾਂਦੇ ਹਨ)

ਚਰਨ ਦਾਸ : ਇਵੇਂ ਭਲੇ ਦਿਨ ਕਦੇ ਨਹੀਂ ਆਉਣਗੇ। ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ, ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ। (ਜਲਾਲ ਤੇਜ਼ ਕਦਮੀਂ ਆਉਂਦਾ ਹੈ)

ਜਲਾਲ : ਓਏ ਕਾਫਰਾ, ਤੂੰ ਮੇਰੀਆਂ ਅੱਖਾਂ ਵੇਖ ਕੇ ਆਪਣੀ ਅੱਖ ਨੀਵੀਂ ਨਹੀਂ ਕੀਤੀ ?

ਚਰਨ ਦਾਸ : ਕਿਉਂ ਕਰਾਂ, ਮੈਂ ਕੋਈ ਅਪਰਾਧ ਕੀਤੈ।

ਜਲਾਲ : ਤੂੰ ਧੌਣ ਉੱਚੀ ਕਰਕੇ ਖੜ੍ਹਾ ਏਂ, ਤੈਨੂੰ ਨਹੀਂ ਇਲਮ ਕਿ ਤੇਰੇ ਸਾਹਮਣੇ ਕੌਣ ਖੜ੍ਹਾ ਏ।

ਚਰਨ ਦਾਸ : ਮੈਨੂੰ ਪਤੈ ਮੇਰੇ ਸਾਹਮਣੇ ਇੱਕ ਸਿਪਾਹੀ ਖੜ੍ਹਾ ਏ।

ਜਲਾਲ : ਤੈਨੂੰ ਮੇਰੇ ਤੋਂ ਡਰ ਨਹੀਂ ਲਗਦਾ?

ਚਰਨਾ ਦਾਸ : ਬਥੇਰਾ ਡਰ ਕੇ ਵੇਖ ਲਿਐ, ਹੁਣ ਨਹੀਂ ਡਰਾਂਗਾ।

ਜਲਾਲ : ਧੌਣ ਨੀਵੀਂ ਕਰਕੇ ਗੱਲ ਕਰ।

ਚਰਨ ਦਾਸ : ਨਹੀਂ ਕਰਦਾ।

ਜਲਾਲ : ਧੌਣ ਵਿੱਚ ਕਿੱਲਾ ਠੋਕ ਦੇਵਾਂਗਾ ਜਾਂ ਫਿਰ ਫਾਹਾ ਹੀ ਵੱਢ ਦੇਵਾਂਗਾ।

ਚਰਨਦਾਸ : ਤੇਰੀਆਂ ਗਿੱਦੜ ਭਬਕੀਆਂ ਦਾ ਮੇਰੇ ਤੇ ਜਾਦੂ ਨਹੀਂ ਚੱਲਣਾ।

ਜਲਾਲ : ਜਾਦੂ ਚੱਲੇਗਾ। ਤੇਰਾ ਬੰਦੋਬਸਤ ਅੱਜ ਈ ਹੋਵੇਗਾ। ਤਾਰੇ ਵਿਖਾ ਦਿਆਂਗਾ ਤਾਰੇ। (ਬੁੜ ਬੁੜ ਕਰਦਾ ਚਲਾ ਜਾਂਦਾ ਹੈ)

ਚਰਨ ਦਾਸ : ਹੂੰ, ਕਹਿੰਦੈ ਤਾਰੇ ਵਿਖਾ ਦਿਆਂਗਾ ਤਾਰੇ। ਇਨ੍ਹਾਂ ਦੇ ਜ਼ੁਲਮ ਦਾ ਜਵਾਬ ਤਾਂ ਦੇਣਾ ਈ ਪਵੇਗਾ। (ਲੱਛਮੀ ਆਉਂਦੀ ਹੈ, ਉਸ ਕੋਲ ਗੜਵੀ ਹੈ)

ਲੱਛਮੀ : ਪੁੱਤਰ, ਤੂੰ ਇੱਥੇ ਕੀ ਕਰ ਰਿਹੈਂ ਚੁਰਾਹੇ ਵਿੱਚ? ਮੈਂ ਤਾਂ ਲੱਭ ਲੱਭ ਥੱਕ ਗਈ ਤੈਨੂੰ। ਪੁੱਤਰ, ਜ਼ਮਾਨਾ ਬੜਾ ਖਤਰਨਾਕ ਏ। ਜਵਾਨ ਪੁੱਤਰ ਜ਼ਿਆਦਾ ਵਕਤ ਘਰੋਂ ਬਾਹਰ ਨਹੀਂ ਨਿਕਲਦੇ।

ਚਰਨ ਦਾਸ : ਫਿਰ ਮੈਨੂੰ ਸੰਦੂਕ ਵਿੱਚ ਬੰਦ ਕਰਦੇ।

ਲੱਛਮੀ : ਤੂੰ ਕਿਵੇਂ ਦੀਆਂ ਕਮਲੀਆਂ ਘੋਟਣ ਲੱਗ ਪਿਐਂ। ਰਾਮ ਭਲਾ ਕਰੇ, ਕੋਈ ਅਕਲ ਦੀ ਗੱਲ ਕਰਿਆ ਕਰ।

ਚਰਨ ਦਾਸ : ਅੱਜ ਤੋਂ ਮੈਂ ਆਪਣੀ ਅਕਲ ਦੀ ਹੀ ਗੱਲ ਕਰਾਂਗਾ।

ਲੱਛਮੀ : ਆਪਣੀ ਅਕਲ ਦੀ? ਮੈਂ ਸਮਝੀ ਨਹੀਂ ਪੁੱਤਰ।

ਚਰਨ ਦਾਸ : ਮੈਂ ਜ਼ਾਲਮ ਹਕੂਮਤ ਦਾ ਜ਼ੁਲਮ ਸਹਿਣ ਨਹੀਂ ਕਰ ਸਕਦਾ। ਇਥੇ ਲੋਕ ਕਿਸ ਤਰ੍ਹਾਂ ਦੀ ਜ਼ਿੰਦਗੀ ਜੀਅ ਰਹੇ ਨੇ। ਇਹ ਨਰਕ ਭੋਗ ਰਹੇ ਨੇ। ਇਹ ਲੋਕ ਕਾਹਦੇ ਲੋਕ ਨੇ, ਇਹ ਤਾਂ ਬੁੱਤ ਬਣ ਗਏ ਨੇ ਬੁੱਤ।

ਲਛਮੀ : ਬੁੱਤ ਬਣ ਕੇ ਆਪਣਾ ਵਕਤ ਤਾਂ ਟਪਾ ਰਹੇ ਨੇ ਨਾ।

ਚਰਨ ਦਾਸ : ਪਰ ਮੈਂ ਬੁੱਤ ਨਹੀਂ ਬਣ ਸਕਦਾ। ਮੈਂ ਅਣਖ ਨਾਲ ਜੀਣਾ ਚਾਹੁੰਦਾ ਹਾਂ।



ਲਛਮੀ : ਸਰਕਾਰ ਅੱਗੇ ਕਾਹਦੀ ਅਣਖ, ਕਾਹਦਾ ਜ਼ੋਰ। ਘਰ ਚੱਲ, ਕਿਸੇ ਸੁਣ ਲਿਆ ਤਾਂ ਸਾਡੀ ਸ਼ਾਮਤ ਆ ਜਾਵੇਗੀ।

ਚਰਨਾ ਦਾਸ : ਆ ਜਾਵੇ ਸ਼ਾਮਤ, ਮੈਨੂੰ ਨਹੀਂ ਪਰਵਾਹ।

ਲਛਮੀ : ਤੈਨੂੰ ਨਹੀਂ ਪਰਵਾਹ ਤਾਂ ਨਾ ਸਹੀ, ਪਰ ਸਾਨੂੰ ਤਾਂ ਤੇਰਾ ਫਿਕਰ ਏ ਨਾ।

ਚਰਨਾ ਦਾਸ : ਛੱਡ ਕਿਓ ਫਿਕਰ ਕਰਨਾ, ਮੈਂ ਬਾਗੀ ਹੋਵਾਂਗਾ।

ਲਛਮੀ : ਬਾਗੀ? ਹਾਥੀਆਂ ਹੇਠ ਕੁਚਲ ਦੇਣਗੇ।

ਚਰਨਦਾਸ : ਮੈਂ ਆਨੰਦਪੁਰ ਸਾਹਿਬ ਜਾਵਾਂਗਾ, ਅੰਮ੍ਰਿਤ ਛਕਾਂਗਾ ਤੇ ਸਿੰਘ ਸਜਾਂਗਾ।

ਲਛਮੀ : (ਘਬਰਾਹਟ ਵਿੱਚ) ਸਿੰਘ? ਤੂੰ ਸਿੰਘ ਨਹੀਂ ਸਜੇਂਗਾ।

ਚਰਨ ਦਾਸ : ਸਿੰਘ ਸਜਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ।

ਲਛਮੀ : ਸਿੰਘ ਸੱਜਣਾ ਤਾਂ ਆਪਣੀ ਮੌਤ ਨੂੰ ਵਾਜ ਮਾਰਨ ਵਾਲੀ ਗੱਲ ਏ। ਆ ਬੈਲ ਮੁਝੇ ਮਾਰ। ਮੈਂ ਤੈਨੂੰ ਸਿੰਘ ਨਹੀਂ ਸੱਜਣ ਦੇਵਾਂਗੀ।

ਚਰਨ ਦਾਸ : ਮਾਂ, ਤੂੰ ਮੈਨੂੰ ਅਸੀਸ ਦੇ ਕੇ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਾਂ, ਸਿੰਘ ਸੱਜਾਂ ਤੇ ਮੌਤ ਨੂੰ ਮਖੌਲ ਕਰਾਂ।

ਗੀਤ ਦੀ ਆਵਾਜ਼: ਮੌਤ ਨੂੰ ਮਖੌਲ ਪਏ ਕਰਦੇ
ਲਾਡਲੇ ਗੋਬਿੰਦ ਦੇ।

ਚਰਨ ਦਾਸ : ਮੈਂ ਜਾ ਰਿਹਾਂ ਮਾਂ। ਹੁਣ ਮੈਂ ਗਿੱਦੜ ਤੋਂ ਸ਼ੇਰ ਬਣ ਕੇ ਹੀ ਆਵਾਂਗਾ ਤੇ ਫਿਰ ਆਪਾਂ ਧੌਣ ਉੱਚੀ ਕਰਕੇ ਸ਼ਾਨ ਨਾਲ ਜੀਵਾਂਗੇ। (ਜਾਂਦਾ ਹੈ)

ਲਛਮੀ : (ਪਿਛੋਂ ਆਵਾਜ਼ ਦਿੰਦੀ ਹੋਈ) ਵੇ ਪੁੱਤਰ, ਵੇ ਪੁੱਤਰ! ਹਾਏ ਮੈਂ ਮਰ ਗਈ। ਹੁਣ ਕੀ ਹੋਵੇਗਾ? ਹੇ ਰਾਮ, ਇਸ ਮੁੰਡੇ ਨੂੰ ਕੀ ਹੋ ਗਿਐ? ਇਹਨੇ ਮੇਰੀ ਇੱਕ ਨਹੀ ਸੁਣੀ। (ਇਕਬਾਲ ਆਉਂਦਾ ਹੈ)

ਇਕਬਾਲ : ਮਾਈ ਕਿਹਨੇ ਤੇਰੀ ਇੱਕ ਨਹੀਂ ਸੁਣੀ?

ਲਛਮੀ : (ਗੱਲ ਪਰਤਾਉਂਦੀ ਹੋਈ) ਉਹਨੂੰ ਕਿਹਾ ਸੀ ਆਹ ਦੁੱਧ ਲਿਜਾ ਕੇ ਪਿੱਪਲ ਤੇ ਰੁੱਖ ਨੂੰ ਪਾ ਆ, ਪਰ ਮੰਨਿਆ ਈ ਨਹੀਂ।

ਇਕਬਾਲ : ਦੁੱਧ? ਮਾਈ ਤੇਰਾ ਸਿਰ ਫਿਰ ਗਿਆ ਜਾਪਦੈ। ਪਿੱਪਲ ਨੂੰ ਦੁੱਧ ਪਿਆ ਰਹੀ ਏਂ। ਇੱਥੇ ਸੁੱਕੀਆਂ ਰੋਟੀਆਂ ਪਾੜ ਪਾੜ ਬੰਦਿਆਂ ਨੂੰ ਖੁਸ਼ੀ ਹੋਈ ਫਿਰਦੀ ਏ ਤੇ ਆਹ ਪਾਗਲ ਮਾਈ ਪਿੱਪਲ ਦੀ ਖੁਸ਼ਕੀ ਦੂਰ ਪਈ ਕਰਦੀ ਏ। ਮਾਈ! ਦੁੱਧ ਇਧਰ ਕਰ।

ਲਛਮੀ : ਇਹ ਤਾਂ ਪੂਜਾ ਲਈ ਏ।

ਇਕਬਾਲ : ਕਿਹੜੀ ਪੂਜਾ ? (ਹੱਸਦਾ ਹੈ ਤੇ ਲਛਮੀ ਕੋਲੋਂ ਗੜਵੀ ਖੋਹ ਲੈਂਦਾ ਹੈ) ਪਹਿਲਾਂ ਪੇਟ ਪੂਜਾ ਤੇ ਫਿਰ ਕੰਮ ਦੂਜਾ। (ਦੁੱਧ ਪੀਂਦਾ ਹੈ) ਰਾਤ ਦੀ ਸ਼ਾਹੀ ਸ਼ਰਾਬ ਘੁੱਟ ਜ਼ਿਆਦਾ ਪੀਤੀ ਗਈ ਸੀ, ਪੂਰੇ ਜਿਸਮ ਨੂੰ ਭਾਣ ਪੈ ਰਹੀ ਸੀ। ਹੁਣ ਆਇਐ ਮਜ਼ਾ, ਫਿਰ ਗਿਐਂ ਨਾੜਾਂ ਵਿੱਚ ਧੁਰ ਤੱਕ। ਮਾਈ ! ਮੈਂ ਤੁਹਾਡੇ ਘਰ ਵੱਲ ਈ ਜਾ ਰਿਹਾ ਸੀ।

ਲਛਮੀ : ਸਾਡੇ ਵੱਲ ? ਸਾਡੇ ਨਾਲ ਕੀ ਕੰਮ ਹੋ ਸਕਦੈ ?

ਇਕਬਾਲ : ਮਾਈ ਤੂੰ ਘਬਰਾ ਕਿਉਂ ਰਹੀ ਏਂ, ਤੂੰ ਖੁਸ਼ ਹੋ। ਸਰਕਾਰ ਤੁਹਾਡੇ ਤੇ ਮਿਹਰਬਾਨ ਹੋ ਗਈ ਏ।

ਲਛਮੀ : ਸਾਡੇ ਤੇ ?.... ਗੱਲ ਕੀ ਏ ?

ਇਕਬਾਲ : ਤੁਹਾਡੀ ਛੋਹਰੀ ਦਾ ਨਾਂ ਰਾਧਾ ਏ ਨਾ ?

ਲਛਮੀ : ਹਾਂ... ਪਰ ?

ਇਕਬਾਲ : ਮੁਬਾਰਕ ਹੋਵੇ। ਰਾਧਾ ਤੇ ਮੁਕੱਦਮ ਹਜ਼ੂਰ ਮਿਹਰਬਾਨ ਹੋ ਗਏ ਨੇ।

ਲਛਮੀ : (ਚੀਖਦੀ ਹੋਈ) ਨਹੀਂ ਨਹੀਂ, ਇਹ ਨਹੀਂ ਹੋ ਸਕਦਾ।

ਇਕਬਾਲ : ਹੋਵੇਗਾ ਉਹੀ ਜੋ ਮੁਕੱਦਮ ਦੀ ਜੁਬਾਂ ਤੋਂ ਬੋਲ ਨਿਕਲ ਗਿਆ। ਤੁਹਾਡੇ ਦਿਨ ਫਿਰ ਗਏ ਸਮਝੋ, ਛੋਹਰੀ ਤੋਰ ਦਿਉ ਤੇ ਸ਼ਾਹੀ ਦਰਬਾਰ ਉਚੇ ਉਚੇ ਅਹੁਦੇ ਹਾਸਲ ਕਰੋ।

ਲੱਛਮੀ : (ਰੋਣਹਾਕੀ ਹੋਈ) ਸਾਨੂੰ ਅਹੁਦੇ ਨਹੀਂ ਚਾਹੀਦੇ, ਸਾਨੂੰ ਇੱਜ਼ਤ ਚਾਹੀਦੀ ਏ।

ਇਕਬਾਲ : ਹਜ਼ੂਰ ਇਸ ਤੋਂ ਵੱਧ ਹੋਰ ਕਿੰਨੀ ਕੁ ਇੱਜ਼ਤ ਬਖਸ਼ ਸਕਦੇ ਨੇ ? ਮੁਕੱਦਮ ਦਾ ਹੁਕਮ ਏ ਕਿ ਦਸ ਦਿਨ ਦੇ ਅੰਦਰ ਅੰਦਰ ਰਾਧਾ ਨੂੰ ਸ਼ਾਹੀ ਮਹਿਲਾਂ ਵਿੱਚ ਪਹੁੰਚਾ ਦਿੱਤਾ ਜਾਵੇ, ਨਹੀਂ ਤਾਂ ਅੰਜ਼ਾਮ ਬਹੁਤ ਬੁਰਾ ਹੋਵੇਗਾ। ਸਮਝੀ ?

(ਜਾਂਦਾ ਹੈ, ਰਾਧਾ ਦਾ ਮਸੂਮ ਚਿਹਰਾ ਲਛਮੀ ਦੀਆਂ ਅੱਖਾਂ ਅੱਗੇ ਆ ਜਾਂਦਾ ਹੈ। ਰਾਧਾ ਕਰੁਣਾਮਈ ਅਵਸਥਾ ਵਿੱਚ ਗੀਤ ਗਾ ਰਹੀ ਪ੍ਰਤੀਤ ਹੁੰਦੀ ਹੈ)

ਗੀਤ : ਹਾਏ ਨੀ ਮਾਏ ਮੇਰੀਏ, ਜ਼ਰਾ ਵੇਖ ਧੀਆਂ ਦਾ ਹਾਲ ਨੀਂ। ਮੈਂ ਕਿਵੇਂ ਉਡਾਂ ਅਸਮਾਨੀਂ, ਉਹ ਵੇਖ ਵਿਛਾਤਾ ਜਾਲ ਨੀਂ। ਦਿਲ ਦੀਆਂ ਦਿਲ ਵਿੱਚ ਰਹਿ ਗਈਆਂ, ਮੈਂ ਹੋਈ ਹਾਲੋਂ ਬੇਹਾਲ ਨੀਂ।



ਲਛਮੀ : (ਆਪਣੇ ਆਪ ਨਾਲ) ਹੇ ਰਾਮ ! ਇਹ ਅਨਰਥ ਏ, ਘੋਰ ਅਨਰਥ ਏ। ਮੇਰੀ ਰਾਧਾ ਸੋਲ੍ਹਾਂ ਵਰਿਆਂ ਦੀ ਮੁਟਿਆਰ ਤੇ ਉਹ ਪੰਜਾਹ ਸਾਲਾਂ ਦਾ ਬੁੱਢਾ ਰਾਖਸ਼। ਤੇਰਾ ਕੱਖ ਨਾ ਰਹੇ ਜ਼ਾਲਮਾ। ਤੇਰੀ ਟੀਰੀ ਨਜ਼ਰ ਮੇਰੀ ਗਊ ਪੁੱਤਰੀ ਤੇ ਪੈ ਗਈ। ਰਾਧਾ ! ਤੇਰੀ ਸੁਦੰਰਤਾ ਹੀ ਤੇਰੀ ਦੁਸ਼ਮਣ ਹੋ ਗਈ। ਤੇਰਾ ਵਿਆਹ ਤਾਂ ਮੈਂ ਬੜੇ ਚਾਵਾਂ ਨਾਲ ਕਰਨਾ ਸੀ ਤੇਜੂ ਨਾਲ । ਕਿੰਨਾ ਭਲਾ ਮੁੰਡਾ ਏ ! ਕਿੰਨਾ ਧਰਮੀ ਮੁੰਡਾ ਏ ! ਕਿਥੇ ਤੇਜੂ ਤੇ ਕਿਥੇ ਆਹ ਬੁੱਢਾ ਘੋੜਾ। ਇਹਦੀ ਸੜ੍ਹ ਗਈ ਸ਼ਰਮ, ਇਹਦੇ ਆਪਣੇ ਬਚੜੇ ਜਵਾਨ ਹੋਏ ਨੇ, ਫਿਰ ਵੀ ਲੋਕਾਂ ਦੀਆਂ ਧੀਆਂ ਨੂੰ ਜਬਰੀ ਵਿਆਹ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਰਬਾਦ ਕਰੀ ਜਾਂਦੈ। ਹੇ ਰਾਮ ! ਅਸੀਂ ਕੀ ਕਰੀਏ ? ਤੂੰ ਈ ਸੁਣ ਸਾਡੀ ਗਰੀਬਾਂ ਦੀ, ਅਸੀਂ ਲੁੱਟੇ ਗਏ। (ਸੁਰਜਨ ਦੌੜਿਆ ਹੋਇਆ ਆਉਂਦਾ ਹੈ)

ਸੁਰਜਨ : ਓ ਮੈਂ ਲੁੱਟਿਆ ਗਿਆ, ਮੈਂ ਉਜੜ ਗਿਆ।

ਲਛਮੀ : ਹੋਇਆ ਕੀ ?

ਸੁਰਜਨ : ਮੇਰੀ ਹੱਟੀ ਗਈ ਲੁੱਟੀ। ਦੋ ਸਿਪਾਹੀ ਧੱਕੇ ਨਾਲ ਮੇਰੀ ਹੱਟੀ ਵਿੱਚ ਵੜ ਗਏ ਤੇ ਚਾਂਦੀ ਦੇ ਸਾਰੇ ਸਿੱਕੇ ਲੈ ਗਏ। ਮੈਂ ਕੰਗਾਲ ਹੋ ਗਿਆ ਲੋਕੋ !

ਲਛਮੀ : ਇਹ ਪੁੱਠੇ ਦਿਨਾਂ ਦਾ ਗੇੜ ਏ। ਜਦ ਦਿਨ ਮਾੜੇ ਹੋਣ ਤਾਂ ਇਵੇਂ ਈ ਹੁੰਦੈ।

ਸੁਰਜਨ : ਮਾੜਿਆਂ ਵਰਗੇ ਮਾੜੇ ਦਿਨ ਆ ਗਏ। ਮੈਨੂੰ ਲੱਖ ਤੋਂ ਕੱਖ ਕਰ ਛੱਡਿਐ ਉਨ੍ਹਾਂ ਬੁਰਸ਼ਿਆਂ ਨੇ। ਰੱਬਾ ! ਕੱਢ ਲੈ ਜਾਨ, ਪੈਸੇ ਬਿਨਾਂ ਬੰਦਾ ਕਾਹਦਾ। ਮੈਂ ਬਥੇਰੇ ਤਰਲੇ ਮਾਰੇ ਓ ਸਿਪਾਹੀਓ, ਮੈਨੂੰ ਭਾਵੇਂ ਜਿੰਨਾ ਮਰਜੀ ਕੁੱਟ ਲਓ ਪਰ ਮੇਰੀ ਮਾਇਆ ਨਾ ਲੁੱਟੋ। ਉਨ੍ਹਾਂ ਮੈਨੂੰ ਤਾਂ ਹੱਥ ਨਾ ਲਾਇਆ ਪਰ ਸਾਰੀ ਮਾਇਆ ਨੂੰ ਹੱਥ ਫੇਰ ਗਏ।

ਲਛਮੀ : ਮਾਇਆ ਤਾਂ ਢਲਦਾ ਪਰਛਾਂਵਾਂ ਏ, ਫਿਰ ਵੀ ਆ ਜਾਏਗੀ। ਈਸ਼ਵਰ ਦਾ ਸ਼ੁਕਰ ਏ ਤੁਸੀਂ ਤਾਂ ਬਚ ਗਏ।

ਸੁਰਜਨੀ : ਮੈਂ ਬਚ ਕੇ ਕਿਹੜਾ ਕਿਲੇ ਜਿੱਤਣੇ ਨੇ। ਮੈਂ ਕੀ ਕਰਾਂਗਾ ? ਰੱਬਾ ! ਮੈਂ ਜ਼ਰੂਰ ਪਾਗਲ ਹੋ ਜਾਵਾਂਗਾ।

ਲਛਮੀ : ਤੁਸੀਂ ਕਿਉਂ ਹੋਵੋ ਪਾਗਲ। ਸ਼ੁਕਰ ਕਰੋ ਤੁਸੀਂ ਸਹੀ ਸਲਾਮਤ ਹੋ।

ਸੁਰਜਨ : ਮੈਂ ਸਹੀ ਸਲਾਮਤ ਰਹਿ ਕੇ ਕਿਹੜਾ ਮੱਖੀਆਂ ਮਾਰਨੀਆਂ ਨੇ। ਮੈਂ ਕਿਸੇ ਦਾ ਵੀ ਵਿਛੋੜਾ ਸਹਿਨ ਕਰ ਸਕਦਾਂ ਪਰ ਮਾਇਆ ਦਾ ਵਿਛੋੜਾ ਨਹੀਂ ਸਹਿਣ ਕਰ ਸਕਦਾ। ਮੈਨੂੰ ਸਮਝ ਨਹੀਂ ਪੈਂਦੀ ਹੁਣ ਮੇਰਾ ਕੀ ਬਣੇਗਾ।

(ਪਾਗਲ ਆਉਂਦਾ ਹੈ)

ਪਾਗਲ : ਤੂੰ ਹੁਣ ਬੰਦਾ ਦਾ ਪੁੱਤਰ ਬਣੇਂਗਾ। ਹੀਂ ਹੀਂ ਹੀਂ, ਮੱਥੇ ਤੇ ਹੱਥ ਥਰੇਂਗਾ ਤੇ ਮਾਇਆ ਦੀ ਰੇਖਾ ਨੂੰ ਘੂਰੇਂਗਾ।

ਸੁਰਜਨ : ਕੀ ਬਕੜਵਾਹ ਕਰ ਰਿਹੈਂ?

ਪਾਗਲ : ਤੇਰੀ ਹੱਟੀ ਗਈ ਲੁੱਟੀ, ਮੈਂ ਮੌਜ ਕਰ ਰਿਹਾਂ ਤੇ ਤੂੰ ਵੀ ਮੌਜ ਕਰ।

ਸੁਰਜਨ : (ਗੁੱਸੇ ਵਿੱਚ) ਮੈਂ ਕਾਹਦੀ ਮੌਜ ਕਰਾਂ?

ਪਾਗਲ : ਮੌਜ ਕਰ ਤੇਰੀ ਬੇਈਮਾਨੀ ਦੀ ਕਮਾਈ ਤੇਰੇ ਕੋਲ ਨਹੀਂ ਰਹੀ। ਤੂੰ ਸੁਰਖਰੂ ਹੋ ਗਿਐਂ ਸੁਰਖਰੂ।

ਸੁਰਜਨ : ਮੈਂ ਕਿਹੜੀ ਬੇਈਮਾਨੀ ਕੀਤੀ ਏ?

ਪਾਗਲ : ਯਾਦ ਕਰ ਜਦੋਂ ਚੁੰਗ ਨੂੰ ਠੁੰਗ ਮਾਰਦਾ ਸੀ ਤੇ ਨਾਲ ਈ ਗਾਹਕ ਦੇ ਧਰਨ ਪਾ ਦਿੰਦਾ ਸੀ। ਪਾਸਕੂ ਵਾਲੀ ਤੱਕੜੀ ਜ਼ਿੰਦਾਬਾਦ, ਪਾਸਕੂ ਵਾਲੀ ਤੱਕੜੀ ਜ਼ਿੰਦਾਬਾਦ।

ਸੁਰਜਨ : ਚੁੱਪ ਕਰ ਉਏ ਪਾਗਲਾ।

ਪਾਗਲ : ਨਹੀਂ ਹੁੰਦਾ ਚੁੱਪ। ਕੀ ਕਰ ਲਵੇਂਗਾ, ਮੇਰੇ ਮੂੰਹ ਤੇ ਛਿੱਕਾ ਚਾੜ੍ਹ ਦੇਵੇਂਗਾ?

ਸੁਰਜਨ : ਫਿਰ ਪਾਈ ਜਾ ਰੌਲਾ ਗਲੀ ਗਲੀ, ਮੂਰਖ ਕਿਸੇ ਥਾਂ ਦਾ।

ਪਾਗਲ : ਤੂੰ ਤਾਂ ਬੜਾ ਈ ਸਿਆਣਾ ਏਂ। ਵੇਸਣ ਵਿੱਚ ਮੱਕੀ ਦਾ ਆਟਾ ਬੁੱਕਾਂ ਭਰ ਭਰ ਮਿਲਾਉਂਦਾ ਰਿਹੈਂ ਤੇ ਮਸਾਲੇ ਵਿੱਚ ਘੋੜਿਆਂ ਦੀ ਲਿੱਦ। ਵਾਰੇ ਜਾਈਏ ਤੇਰੀ ਹੱਟੀ ਦੇ। ਇੱਕ ਹੋਰ ਗੱਲ ਸੁਣ.....

ਸੁਰਜਨ : ਹੋਰ ਕੋਈ ਬਾਕੀ ਰਹਿ ਗਈ ਏ?

ਪਾਗਲ : ਬੇਈਮਾਨੀ ਛੱਡ ਦੇ, ਨਹੀਂ ਤਾਂ....

ਸੁਰਜਨ : ਕੀ ਹੋ ਜਾਵੇਗਾ?

ਪਾਗਲ : ਨਹੀਂ ਤਾਂ ਧਰਮਰਾਜ ਨੇ ਤੈਨੂੰ ਲਿਟਾ ਕੇ ਜ਼ਮੀਨ ਤੇ ਗੋਡੇ ਮਾਰ ਮਾਰ ਤੇਰੀ ਭੁਗਤ ਸੰਵਾਰ ਦੇਣੀ ਏ।

ਸੁਰਜਨ : ਵੇਖ ਲਵਾਂਗਾ ਧਰਮ ਰਾਜ ਨੂੰ ਵੀ।



ਪਾਗਲ : (ਹੱਸਦਾ ਹੋਇਆ) ਜਿਵੇਂ ਅੱਜ ਦੋ ਸਿਪਾਹੀਆਂ ਨੂੰ ਵੇਖ ਲਿਐ। ਬਣ ਜਾ ਇਮਾਨਦਾਰ, ਨਹੀਂ ਤਾਂ ਨਾ ਸਹੀ। ਤੂੰ ਵੀ ਸੱਚਾ ਏਂ, ਤੈਨੂੰ ਇਮਾਨਦਾਰੀ ਦੀ ਰੋਟੀ ਤਾਂ ਪੱਚਦੀ ਨਹੀਂ। ਬੇਈਮਾਨੀ ਜ਼ਿੰਦਾਬਾਦ, ਬੇਈਮਾਨੀ ਜ਼ਿੰਦਾਬਾਦ.... (ਉੱਚੀ ਉੱਚੀ ਬੋਲਦਾ ਚਲਾ ਜਾਂਦਾ ਹੈ)

ਸੁਰਜਨ : (ਪਸੀਨਾ ਪੂੰਝਦਾ ਹੋਇਆ) ਇੱਕ ਮਾਇਆ ਵੱਲੋਂ ਨੰਗ ਹੋ ਗਏ ਆਂ ਤੇ ਦੂਜਾ ਇਹ ਪਾਗਲ ਨੇ ਸਾਰੇ ਪਰਦੇ ਜ਼ਾਹਰ ਕਰ ਦਿੱਤੇ ਨੇ। ਤੂੰ ਕਿਉਂ ਘਬਰਾਈ ਏਂ? ਸਦਮਾ ਤਾਂ ਮੈਨੂੰ ਲੱਗੇ ਜਿਹਦੇ ਵੇਖਦੇ ਵੇਖਦੇ ਝੁੱਗਾ ਚੌੜ ਹੋ ਗਿਐ। ਤੈਨੂੰ ਕੀ ਹੋ ਗਿਐ?

ਲਛਮੀ : ਸਾਡੇ ਤੇ ਦੁੱਖਾਂ ਦਾ ਪਹਾੜ ਟੁੱਟ ਪਿਐ।

ਸੁਰਜਨ : ਇਹਦੇ ਵਿੱਚ ਕਿਹੜਾ ਸ਼ੱਕ ਏ, ਹੱਟੀ ਗਈ ਤਾਂ ਬਚਿਆ ਕੀ, ਜੂੰਆਂ!

ਲਛਮੀ : ਹੋਰੀ ਨੂੰ ਹੋਰੀ ਨਾਲ, ਅੰਨੇ ਨੂੰ ਡੰਗੋਰੀ ਨਾਲ। ਤੈਨੂੰ ਹੱਟੀ ਦੀ ਪਈ ਏ, ਇਧਰ ਮੇਰੀ ਜਾਨ ਨੂੰ ਡੋਬੂ ਪੈ ਰਹੇ ਨੇ ਰਾਧਾ ਬਾਰੇ ਸੋਚ ਸੋਚ ਕੇ।

ਸੁਰਜਨ : ਰਾਧਾ ਨੂੰ ਕੀ ਹੋਇਐ? ਚੰਗੀ ਭਲੀ ਤਾਂ ਹੈਗੀ ਏ।

ਲਛਮੀ : (ਰੋਂਦੀ ਹੋਈ) ਮੁਕੱਦਮ ਦੀ ਕਮੀਨੀ ਨਿਗਾਹ ਸਾਡੀ ਬੱਚੀ ਤੇ ਪੈ ਗਈ ਏ.....

ਸੁਰਜਨ : (ਸਾਰੀ ਗੱਲ ਸਮਝਦਾ ਹੋਇਆ) ਇਹ ਕੀ ਹੋ ਗਿਐ? ਹੇ ਰੱਬਾ! ਅੱਜ ਤੂੰ ਮੇਰੇ ਕੋਲੋਂ ਈ ਬਦਲੇ ਲੈਣੇ ਸੀ, ਤੈਨੂੰ ਹੋਰ ਕੋਈ ਬੰਦਾ ਨਹੀਂ ਲੱਭਾ।

ਲਛਮੀ : ਕੀ ਥੁੜ੍ਹਿਆ ਏ ਇਸ ਜ਼ਿੰਦਗੀ ਤੋਂ। ਮੈਨੂੰ ਤੇ ਰਾਧਾ ਨੂੰ ਜ਼ਹਿਰ ਦੇ ਦੇ।

ਸੁਰਜਨ : ਜ਼ਹਿਰ ਵਾਲੀ ਸ਼ੀਸ਼ੀ ਤਾਂ ਮੈਂ ਆਪ ਪੀ ਗਿਆ ਸੀ ਜਦ ਮੇਰੀ ਹੱਟੀ ਲੁੱਟੀ ਗਈ।

ਲਛਮੀ : ਤੁਸੀਂ ਪੀ ਗਏ? ਤੁਸੀਂ ਤਾਂ ਠੀਕ...

ਸੁਰਜਨ : ਜ਼ਹਿਰ ਮਿਲਾਵਟ ਵਾਲਾ ਸੀ, ਤਾਂ ਹੀ ਬਚ ਗਿਆ। ਲਛਮੀ ਆਪਣਾ ਚਰਨਦਾਸ ਕਿਥੇ ਵੇ?

ਲਛਮੀ : ਉਹ ਚਲਾ ਗਿਐ ਆਨੰਦਪੁਰ ਸਾਹਬ।

ਸੁਰਜਨ : (ਹੈਰਾਨ ਹੁੰਦਾ ਹੋਇਆ) ਆਨੰਦਪੁਰ ਸਾਹਬ?

ਲਛਮੀ : ਹਾਂ, ਕਹਿੰਦਾ ਸੀ ਮੈਂ ਸਿੰਘ ਸਜਣ ਚੱਲਿਆਂ।

ਸੁਰਜਨ : ਉਹਦਾ ਦਿਮਾਗ਼ ਖਰਾਬ ਹੋ ਗਿਐ?

ਲਛਮੀ : ਕਹਿੰਦਾ ਸੀ, ਮੈਂ ਗੁਲਾਮ ਨਹੀਂ ਰਹਿ ਸਕਦਾ।

ਸੁਰਜਨ : (ਮੱਥੇ ਤੇ ਹੱਥ ਮਾਰਦਾ ਹੋਇਆ) ਓ ਹੋ ਨਲੈਕ ਔਲਾਦੇ, ਤੂੰ ਆਹ ਕੀ ਕੀਤੈ। ਮੇਰਾ ਦਿਲ ਘੱਟ ਰਿਹੈ, ਕਿਤੇ ਮੈਨੂੰ ਦੌਰਾ-ਈ ਨਾ ਪਾ ਜਾਏ। ਨੀ ਮੂਰਖੇ! ਤੂੰ ਮੁੰਡੇ ਨੂੰ ਰੋਕਣਾ ਸੀ।

ਲਛਮੀ : ਬਥੇਰਾ ਰੋਕਿਆ, ਪਰ ਨਹੀਂ ਰੁਕਿਆ।

ਸੁਰਜਨ : ਉਹ ਜ਼ਰੂਰ ਮੇਰੇ ਸਿਰ ਤੇ ਸਾਰੇ ਵਾਲ ਪੁਟਾ ਕੇ ਛੱਡੇਗਾ। ਕਿਸੇ ਨੂੰ ਪਤਾ ਲੱਗ ਗਿਆ ਤਾਂ ਸਰਕਾਰ ਦਾ ਸਾਰਾ ਕਹਿਰ ਸਾਡੇ ਤੇ ਵਰ ਜਾਵੇਗਾ। ਓ ਨਲੈਕਾ! ਤੂੰ ਸਿੰਘ ਸਜੇਂਗਾ, ਬਾਣੀਏ ਦਾ ਪੁੱਤਰ ਹੋ ਕੇ ਤਲਵਾਰ ਫੜੇਂਗਾ। ਤੂੰ ਆਪ ਤਾਂ ਭੰਗ ਦੇ ਭਾੜੇ ਜ਼ਿੰਦਗੀ ਗਵਾ-ਈ ਦੇਵੇਂਗਾ ਤੇ ਨਾਲ ਸਾਨੂੰ ਵੀ ਮਰਵਾ ਕੇ ਛੱਡੇਂਗਾ।

ਲਛਮੀ : ਸਾਨੂੰ ਕੀ ਮਰਵਾ ਛੱਡੇਗਾ, ਅੱਗੇ ਅਸੀਂ ਕਿਹੜਾ ਜੀਂਦੇ ਆਂ। ਚਰਨਦਾਸ ਨੇ ਚੰਗਾ ਈ ਕੀਤੈ ਆਨੰਦਪੁਰ ਜਾ ਕੇ।

ਸੁਰਜਨ : ਸਵਾਹ ਚੰਗਾ ਕੀਤੈ ਉਹਨੇ। ਹੁਣ ਸਿਪਾਹੀ ਮੈਨੂੰ ਫੜ ਕੇ ਘਸੀਟਣਗੇ ਘੋੜਿਆਂ ਮਗਰ ਬੰਨ ਕੇ।

ਲਛਮੀ : ਕਿਉਂ ਲਿਲੜੀਆਂ ਕੱਢਦਾ ਏ। ਮੈਂ ਤਾਂ ਕਹਿਣੀ ਆਂ ਤੂੰ ਵੀ ਤਲਵਾਰ ਫੜ ਤੇ ਆਪਣੀ ਇੱਜ਼ਤ ਦੀ ਰੱਖਿਆ ਕਰ।

ਸੁਰਜਨ : ਮੈਂ ਤਲਵਾਰ ਫੜਾਂ?

ਲਛਮੀ : ਤੂੰ ਬੰਦਾ ਨਹੀਂ ਸਮਝਦਾ ਆਪਣੇ ਆਪ ਨੂੰ?

ਸੁਰਜਨ : ਮੇਰੇ ਕੋਲੋਂ ਤਲਵਾਰ ਕਿੱਥੇ ਫੜੀ ਜਾਣੀ ਏ। ਜਿਸ ਬੰਦੇ ਨੇ ਸਾਰੀ ਉਮਰ ਪਾਸਕੂ ਵਾਲੀ ਤੱਕੜੀ ਚੁੱਕੀ ਹੋਵੇ, ਉਹ ਭਲਾ ਤਲਵਾਰ ਕਿਵੇਂ ਫੜੇਗਾ।

(ਫੈਸਲਾ ਕੁੰਨ ਆਵਾਜ਼ ਵਿੱਚ) ਇਹ ਨਹੀਂ ਹੋ ਸਕਦਾ।

ਲਛਮੀ : (ਤਾਅਨਾ ਮਾਰਦੀ ਹੋਈ) ਫਿਰ ਚੂੜੀਆਂ ਪਾ ਕੇ ਬਾਹਵਾਂ ਵਿੱਚ, ਘਰ ਬਹਿ ਜਾ ਭੋਰੇ ਵਿੱਚ।

ਸੁਰਜਨ : ਚੂੜੀਆਂ ਪਾ ਲਵਾਂਗਾ ਪਰ ਤਲਵਾਰ ਨਹੀਂ ਫੜਾਂਗਾ।

(1 ਅਤੇ 2 ਆਉਂਦੇ ਹਨ)

1. : ਤੇਰੇ ਵੱਸ ਦਾ ਰੋਗ ਨਹੀਂ ਤਲਵਾਰ ਫੜਣਾ।

2. : ਤੇਰੇ ਵੱਸ ਦਾ ਰੋਗ ਨਹੀਂ ਦੁਸ਼ਮਣ ਨਾਲ ਲੜਣਾ।

1. : ਤੇਰੇ ਵੱਸ ਦਾ ਰੋਗ ਨਹੀਂ ਆਪਣੀ ਰੱਖਿਆ ਕਰਨਾ।

2. : ਸ਼ਾਹੀ ਸੈਨਿਕਾਂ ਦੇ ਚਿਹਰੇ ਤੇ ਕਿੰਨਾ ਜਲਾਲ ਹੁੰਦੈ।



1. : ਗੁੱਸੇ ਵਿੱਚ ਉਨ੍ਹਾਂ ਦਾ ਮੂੰਹ ਕਿੰਨਾ ਲਾਲ ਹੁੰਦੈ।

2. : ਉਨ੍ਹਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਨੇ।

1. : ਉਹ ਜਿਧਰ ਜਾਂਦੇ ਨੇ, ਹਨੇਰੀ ਆ ਜਾਂਦੀ ਹੈ।

2. : ਚਾਰੇ ਪਾਸੇ ਸੰਨਾਟਾ ਛਾ ਜਾਂਦੈ।

1. : ਲੋਕ ਡਰ ਕੇ ਅੰਦਰ ਵੜ ਜਾਂਦੇ ਨੇ ਰਜਾਈ ਵਿੱਚ।

2. : ਉਨ੍ਹਾਂ ਦੀਆਂ ਅੱਖਾਂ ਵਿਚੋਂ ਨਿਕਲਦੇ ਨੇ ਚੰਗਿਆੜੇ।

1. : ਉਹਨੇ ਸ਼ਕਤੀਸ਼ਾਲੀ ਤੇ ਅਸੀਂ ਆਂ ਬੜੇ ਈ ਮਾੜੇ।

ਸੁਰਜਨ : ਬੰਦੇ ਦੋਵੇ ਈ ਬੜੇ ਸਮਝਦਾਰ ਨੇ। ਗੱਲ ਬੜੀ ਪਤੇ ਦੀ ਕਰਦੇ ਨੇ।

ਲਛਮੀ : ਤੁਸੀਂ ਸਾਰੇ ਖਾਈ ਜਾਓ ਜੁੱਤੀਆਂ ਸਿਰ ਵਿੱਚ। ਮਰਦ ਬਣੋ ਤੇ ਜ਼ਾਲਮ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿਓ।

1. : (ਲਛਮੀ ਤੋਂ ਪ੍ਰਭਾਵਿਤ ਹੋ ਕੇ) ਗੱਲਾਂ ਕੁਝ ਜਚੀ ਜ਼ਰੂਰ ਏ, ਮੇਰੇ ਵੀ ਡੋਲੇ ਫਰਕਣ ਲੱਗੇ ਨੇ।

2. : (ਸਹਿਮਤ ਹੁੰਦਾ ਹੋਇਆ) ਜ਼ਾਲਮ ਨੂੰ ਐਸਾ ਕਰਾਰਾ ਜਵਾਬ ਦੇਈਏ ਕਿ ਜਿਹੜਾ ਅੱਖ ਸਾਨੂੰ ਘੂਰੇ, ਉਹ ਅੱਖ ਈ ਕੱਢ ਦੇਈਏ।

ਸੁਰਜਨ : ਹੋਸ਼ ਕਰੋ ਧੰਨੇ ਦੀ ਕੁੜੀ ਚੁੱਕ ਕੇ ਲੈ ਗਏ। ਅਸੀਂ ਕੀ ਕਰ ਲਿਆ? ਅਸੀਂ ਵੇਖਦੇ ਰਹਿ ਗਏ।

ਲਛਮੀ : ਦੋ ਸਿਪਾਹੀ ਆਏ ਤੇ ਕੁੜੀ ਚੁੱਕ ਕੇ ਲੈ ਗਏ। ਅਸੀਂ ਮੁਹੱਲੇ ਵਾਲੇ ਸਾਰੇ ਕੁਝ ਨਾ ਕਰ ਸਕੇ। ਜੇ ਸਾਰੇ ਕੱਠੇ ਹੋ ਕੇ ਪੈ ਜਾਂਦੇ ਤਾਂ ਵਿਚਾਰੇ ਧੰਨੇ ਦੀ ਇੱਜ਼ਤ ਰਹਿ ਜਾਂਦੀ।

ਸੁਰਜਨ : ਪਰ ਸੱਪ ਦੀ ਖੁੱਡ ਵਿੱਚ ਕੌਣ ਹੱਥ ਪਾਉਂਦਾ?

ਲਛਮੀ : ਸੱਪ ਦੀ ਧੌਣ ਨੂੰ ਮਸਲਿਆ ਵੀ ਜਾ ਸਕਦੈ।

1. : ਇਸ ਤਰ੍ਹਾਂ ਕਰਨ ਵਾਸਤੇ ਸਾਨੂੰ ਕੱਠੇ ਹੋਣ ਦੀ ਲੋੜ ਏ। ਕੱਠ, ਲੋਹੇ ਦੀ ਲੱਠ।

2. : ਹਾਂ, ਵੱਖ ਵੱਖ ਹੋਵਾਂਗੇ ਤਾ ਕੁੱਟ ਖਾਵਾਂਗੇ। ਕੱਠੇ ਹੋਵਾਂਗਾ ਤਾਂ ਜ਼ਾਬਰ ਨੂੰ ਮਜ਼ਾ ਚਖਾਵਾਂਗੇ। ਗੁਰੂ ਗੋਬਿੰਦ ਸਿੰਘ ਨੇ ਕਿਹੈ-ਜਿੰਨਾ ਕਸੂਰ ਜ਼ੁਲਮ ਕਰਨ ਵਾਲੇ ਦਾ ਏ, ਉਨ੍ਹਾਂ ਈ ਜ਼ੁਲਮ ਸਹਿਣ ਕਰਨ ਵਾਲੇ ਦਾ ਏ। ਗੁਰੂ ਜੀ ਦੀ ਖਾਲਸਾ ਫੌਜ ਪਾਪੀਆਂ ਨੂੰ ਸਜ਼ਾ ਜ਼ਰੂਰ ਦੇਵੇਗੀ।

ਗੀਤ ਦੀ ਆਵਾਜ਼ : ਤੇਰੇ ਖਾਲਸੇ ਦੀ ਅੱਡਰੀ ਸ਼ਾਨ ਜੀ, ਲੋਕ ਲੋਕ ਹੋ ਹੋ ਗਏ ਕੁਰਬਾਨ ਜੀ।

ਸੁਰਜਨ : ਸੋਚ ਲਉ, ਸੌਦਾ ਮਹਿੰਗਾ ਪਵੇਗਾ। ਇਹਦੇ ਵਿੱਚ ਨਫਾ ਕੋਈ ਨਹੀਂ, ਨੁਕਸਾਨ ਈ ਨੁਕਸਾਨ ਏ।

ਲਛਮੀ : (ਵਿਅੰਗ ਨਾਲ) ਹੂੰ, ਮੁਰਦਾ ਬੋਲੇ ਕਫਨ ਪਾੜੇ!

1\. : ਜ਼ਿੰਦਗੀ ਲਈ ਕੱਢਦਾ ਹਾੜੇ!

2\. : ਆਓ ਆਪਾਂ ਵੀ ਗੁਰੂ ਜੀ ਦੇ ਰਸਤੇ ਤੇ ਚਲੀਏ।

(1 ਅਤੇ 2 ਜਾਂਦੇ ਹਨ)

ਸੁਰਜਨ : (ਮੁਕੱਦਮ ਤੇ ਇਕਬਾਲ ਨੂੰ ਆਪਣੇ ਵੱਲ ਆਉਂਦੇ ਵੇਖ ਕੇ) ਓ ਦੇਖ, ਮੁਕੱਦਮ ਸਾਹਬ ਆ ਰਹੇ ਨੇ, ਚੱਲ ਦੌੜ ਚੱਲੀਏ।

(ਲਛਮੀ ਤੇ ਸੁਰਜਨ ਤੇਜ਼ ਤੇਜ਼ ਕਦਮ ਪੁੱਟਦੇ ਹੋਏ ਚਲੇ ਜਾਂਦੇ ਹਨ, ਮੁਕੱਦਮ ਤੇ ਇਕਬਾਲ ਆਉਂਦੇ ਹਨ)

ਮੁਕੱਦਮ : ਇਕਬਾਲ, ਨਗਰ ਦੀ ਕੋਈ ਤਾਜ਼ਾ ਖ਼ਬਰ?

ਇਕਬਾਲ : ਹਜ਼ੂਰ ਦੀ ਜੈ ਜੈ ਕਾਰ ਹੋ ਰਹੀ ਏ। ਜੋ ਅੜਿਆ ਸੋ ਝੜਿਆ। ਹਰ ਬੰਦੇ ਦੀ ਜ਼ੁਬਾਂ ਤੇ ਆਪਦਾ ਈ ਨਾਮ ਏ।

ਮੁਕੱਦਮ : (ਜ਼ੋਰਦਾਰ ਹਾਸਾ ਹੱਸਦਾ ਹੋਇਆ) ਕਿੰਨੇ ਕੁ ਬੰਦਿਆਂ ਨੇ ਇਸਲਾਮ ਕਬੂਲ ਕੀਤੈ? ਬਾਦਸ਼ਾਹ ਆਲਮਗੀਰ ਔਰੰਗਜ਼ੇਬ ਦਾ ਫੁਰਮਾਨ ਏ ਕਿ ਵੱਧ ਤੋਂ ਵੱਧ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਵੇ।

ਇਕਬਾਲ : ਲੋਕ ਧੜਾ ਧੜ ਇਸਲਾਮ ਕਬੂਲ ਕਰ ਰਹੇ ਨੇ। ਹਿੰਦੂਆਂ ਉੱਪਰ ਬੰਦਸ਼ਾਂ ਐਨੀਆਂ ਸਖ਼ਤ ਲਗਾ ਦਿੱਤੀਆਂ ਨੇ ਕਿ ਉਨ੍ਹਾਂ ਲਈ ਹੋਰ ਕੋਈ ਰਾਹ ਨਹੀਂ। ਐਸੀ ਕਿਹੈ-ਇਸਲਾਮ ਕਬੂਲ ਕਰੋ, ਤੁਹਾਡੇ ਤੇ ਅੱਲਾ ਤਾਲਾ ਦੀ ਰਹਿਮਤ ਹੋਵੇਗੀ, ਤੁਹਾਨੂੰ ਬਹਿਸ਼ਤ ਮਿਲੇਗਾ, ਹੂਰਾਂ ਮਿਲਣਗੀਆਂ। ਪਰ ਕੋਈ ਕੋਈ ਬੰਦਾ ਜਰਾ ਕੁ....

ਮੁਕੱਦਮਾ : ਹੁਕਮ ਨਹੀਂ ਮੰਨਦਾ ਤਾਂ ਕੋਹੜੇ ਮਾਰ ਕੇ ਮਾਰ ਦਿਓ। ਜਦ ਬਾਜ਼ ਬਾਹਰ ਨਿਕਲ ਆ ਜਾਂਦੈ ਤਾਂ ਚਿੜੀਆਂ ਦੀ ਮੌਤ ਆ ਜਾਂਦੀ ਏ।

ਆਵਾਜ਼ : ਚਿੜੀਓਂ ਸੇ ਮੈਂ ਬਾਜ ਤੁੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ

(ਦੋਵੇਂ ਡਰ ਕੇ ਕੰਬਣ ਲੱਗ ਪੈਂਦੇ ਹਨ)

ਮੁਕੱਦਮ : ਇਹ ਆਵਾਜ਼ ਮੈਨੂੰ ਬਹੁਤ ਪ੍ਰੇਸ਼ਾਨ ਕਰਦੀ ਏ। ਮੈਨੂੰ ਇਸ ਤਰ੍ਹਾਂ ਲਗਦੈ ਜਨਤਾ ਬਾਗੀ ਹੋ ਜਾਵੇਗੀ। ਸਾਨੂੰ ਇੱਟਾਂ ਮਾਰੇਗੀ, ਪੱਥਰ ਮਾਰੇਗੀ ਤੇ ਸਾਡੇ ਮਹਿਲਾਂ ਨੂੰ ਢਹਿ ਢੇਰੀ ਕਰ ਦੇਵੇਗੀ (ਸੰਭਲਦਾ



ਹੋਇਆ) ਇਹ ਵਹਿਮ ਵੀ ਹੋ ਸਕਦੈ, ਪਰ ਇਹ ਸੱਚ ਵੀ ਹੋ ਸਕਦੈ।

ਇਕਬਾਲ : ਇਹ ਸਾਰਾ ਕਸੂਰ ਬਾਗੀ ਗੋਬਿੰਦ ਸਿੰਘ ਦਾ ਏ, ਜਿਹਨੇ ਹਰ ਐਰੇ ਗੈਰੇ ਨੂੰ ਸਿਰ ਤੇ ਚੜ੍ਹਾ ਦਿੱਤੈ।

ਮੁਕੱਦਮ : ਹਾਂ, ਉਹਨੇ ਮੁਗਲ ਸਲਤਨਤ ਵਿੱਚ ਆਪਣੀ ਸਲਤਨਤ ਕਾਇਮ ਰੱਖੀ ਏ।

ਇਕਬਾਲ : ਉਹ ਸੰਗਤ ਦੀ ਗੱਲ ਕਰਦੈ। ਕਹਿੰਦੇ ਏ ਜਿੱਥੇ ਮਰਜ਼ੀ ਕਿਸੇ ਵਕਤ ਵੀ ਉਹਦੇ ਪੰਜ ਸਿੱਖ ਇਕੱਠੇ ਹੋ ਕੇ ਅਰਦਾਸ ਕਰਕੇ ਗੁਰੂ ਨੂੰ ਵੀ ਹੁਕਮ ਕਰਨ ਤਾਂ ਗੁਰੂ ਵੀ ਉਨ੍ਹਾਂ ਦਾ ਹੁਕਮ ਮੰਨੇਗਾ।

ਆਵਾਜ਼ : ਪਰਗਟਿਉ ਮਰਦ ਅਗੰਮੜਾ ਵਰਿਆਮ ਅਕੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ।

(ਮੁਕੱਦਮ ਤੇ ਇਕਬਾਲ ਦੇ ਦਿਲਾਂ ਵਿੱਚ ਹਲਚਲ ਜਿਹੀ ਮੱਚ ਜਾਂਦੀ ਏ, ਦੋਵੇਂ ਇੱਕ ਦੂਜੇ ਨਾਲ ਟਕਰਾ ਕੇ ਡਿੱਗ ਪੈਂਦੇ ਹਨ, ਘਬਰਾਹਟ ਵਿੱਚ ਖੜ੍ਹੇ ਹੁੰਦੇ ਹਨ)

ਮੁਕੱਦਮ : ਉਹ ਰਾਜਾ ਸ਼ਾਹੀ ਦੀ ਥਾਂ ਲੋਕ ਸ਼ਾਹੀ ਸਥਾਪਤ ਕਰ ਰਿਹੈ, ਇਹ ਬਹੁਤ ਬੁਰਾ ਹੋਵੇਗਾ।

ਇਕਬਾਲ : ਹਜ਼ੂਰ, ਰਾਤ ਨੂੰ ਮੈਂ ਬੜਾ ਖੌਫਨਾਕ ਸੁਫ਼ਨਾ ਵੇਖਿਆ।

ਮੁਕੱਦਮ : ਮੈਨੂੰ ਇਹ ਵੀ ਪਤੈ ਕਿ ਤੇਰਾ ਹਰ ਖਾਬ ਹਕੀਕਤ ਵਿੱਚ ਬਦਲ ਜਾਂਦੈ।

ਇਕਬਾਲ : ਡਰ ਵੀ ਇਸੇ ਕਰਕੇ ਲੱਗ ਰਿਹੈ।

ਮੁਕੱਦਮ : ਖ਼ਾਬ ਵਿੱਚ ਵੇਖਿਆ ਕੀ?

ਇਕਬਾਲ : ਮੈਂ ਵੇਖਿਆ ਲੋਕ ਉੱਚੀ ਉੱਚੀ ਬੋਲਦੇ ਪਏ ਸੀ-ਬਾਦਸ਼ਾਹਾਂ, ਅਹਿਲਕਾਰਾਂ ਤੇ ਸਿਪਾਹੀਆਂ ਦਾ ਦੌਰ ਖਤਮ ਹੋ ਗਿਐ। ਹਜ਼ੂਰ, ਉਨ੍ਹਾਂ ਮੈਨੂੰ ਕਿਹਾ-ਤੂੰ ਵੀ ਛੁੱਟੀ ਕਰ ਤੇ ਫਿਰ ਉਨ੍ਹਾਂ ਪਤੈ ਕੀ ਕੀਤਾ?

ਮੁਕੱਦਮਾ : ਕੀ ਕੀਤਾ? ਜਲਦੀ ਬੋਲ।

ਇਕਬਾਲ : ਉਨ੍ਹਾਂ ਧੱਕੇ ਨਾਲ ਮੇਰੀ ਵਰਦੀ ਲੁਹਾ ਲਈ ਤੇ ਮੈਂ ਨੰਗ ਧੜੰਗਾ ਘਰ ਵੱਲ ਦੌੜਿਆ ਜਾ ਰਿਹਾ ਸੀ। ਮੈਂ ਮੁਹੰਮਦ ਇਕਬਾਲ ਦੌੜਿਆ ਜਾ ਰਿਹਾ ਸੀ ਜਿਹਨੂੰ ਵੇਖ ਕੇ ਦਸ ਦਸ ਕਾਫ਼ਰ ਤਿਤਰ ਹੋ ਜਾਂਦੇ ਨੇ।

ਮੁਕੱਦਮ : ਫੇਰ ਕੀ ਹੋਇਆ?

ਇਕਬਾਲ : ਮੈਂ ਪੁੱਛਿਆ ਜੇ ਬਾਦਸ਼ਾਹ ਗਏ ਤਾਂ ਰਾਜ ਕੌਣ ਕਰੇਗਾ? ਹੁਕਮ

ਕੌਣ ਕਰੇਗਾ ਤੇ ਹੁਕਮ ਮੰਨੇਗਾ ਕੌਣ ? ਉਨ੍ਹਾਂ ਕਿਹਾ– ਅਸੀਂ ਖੁਦ ਹੁਕਮ ਕਰਾਂਗੇ ਤੇ ਮੰਨਾਂਗੇ ਵੀ ਖੁਦ।

ਮੁਕੱਦਮ : ਇਕ ਕੀ ਬਕੜਵਾਹ ਕਰ ਰਿਹੈਂ ?

ਇਕਬਾਲ : ਮੈਂ ਵੀ ਕਿਹਾ–ਇਹ ਕੀ ਬਕੜਵਾਹ ਕਰ ਰਹੇ ਹੋ। ਲੋਕ ਕਹਿੰਦੇ ਹੁਣ ਕੋਈ ਬਕੜਵਾਹ ਨਹੀਂ ਕਰੇਗਾ, ਅਸੀਂ ਆਪਣੇ ਹਾਕਮ ਆਪ ਚੁਣਾਂਗੇ।

ਮੁਕੱਦਮ : (ਲਾਪਰਵਾਹੀ ਨਾਲ) ਹਾਕਮ ਆਪ ਚੁਣਾਂਗੇ ! (ਹੱਸਦਾ ਹੈ) ਹਾ.... ਹਾ.... ਹਾ.... ਤੇਰੇ ਸੁਫਨੇ ਵਿੱਚ ਜ਼ਰੂਰ ਕੋਈ ਗੜਬੜ ਹੋਈ ਏ। ਜਾਂ ਤਾਂ ਤੇਰਾ ਸੁਫਨਾ ਈ ਮਹਿਜ਼ ਝੂਠ ਏ ਜਾਂ ਫਿਰ ਤੈਨੂੰ ਸੁਫਨਾ ਈ ਭੁੱਲ ਗਿਆ ਜਾਪਦੈ।

ਇਕਬਾਲ : ਮਾਫ ਕਰਨਾ ਹਜ਼ੂਰ ਸੁਫਨਾ ਇਵੇਂ ਈ ਆਇਆ ਸੀ। ਲੋਕ ਲੰਮੀਆਂ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਸਨ।

ਮੁਕੱਦਮ : ਕਿਉਂ, ਉੱਥੇ ਕੋਈ ਮੰਡੀ ਲੱਗੀ ਸੀ ?

ਇਕਬਾਲ : ਉਨ੍ਹਾਂ ਦੇ ਹੱਥਾਂ ਵਿੱਚ ਕਾਗਜ਼ ਦੇ ਛੋਟੇ ਛੋਟੇ ਟੁਕੜੇ ਸਨ। ਮੈਂ ਪੁੱਛਿਆ ਇਹ ਕੀ ਏ ? ਉਨ੍ਹਾਂ ਕਿਹਾ ਇਹ ਸਾਡੀ ਪਰਚੀ ਏ। ਕਹਿਣ ਲੱਗੇ ਜਿਸ ਬੰਦੇ ਨੂੰ ਵੱਧ ਪਰਚੀਆਂ ਪੈਣਗੀਆਂ, ਉਹ ਜਿੱਤ ਜਾਵੇਗਾ ਤੇ ਹਾਕਮ ਬਣ ਕੇ ਤਖਤ ਤੇ ਬੈਠ ਜਾਵੇਗਾ।

ਮੁਕੱਦਮ : ਅਜੀਬ ਬਾਤ ਏ ! ਪਰਚੀ ਰਾਹੀਂ ਹਾਕਮ ਬਣਨਗੇ। ਪਰ ਹਕੀਕਤ ਇਹ ਵੇ ਹਾਕਮ ਬਣਦੇ ਨੇ ਖਾਨਦਾਨ ਰਾਹੀਂ। ਬਾਦਸ਼ਾਹ ਦਾ ਪੁੱਤਰ ਬਾਦਸ਼ਾਹ, ਮੁਕੱਦਮ ਦਾ ਪੁੱਤਰ ਮੁਕੱਦਮ, ਨੰਬਰਦਾਰ ਦਾ ਨੰਬਰਦਾਰ, ਪਟਵਾਰੀ ਦਾ ਪਟਵਾਰੀ, ਸਿਪਾਹੀ ਦਾ ਸਿਪਾਹੀ ਤੇ ਮੋਚੀ ਦਾ ਪੁੱਤ ਮੋਚੀ।

ਇਕਬਾਲ : ਹਜ਼ੂਰ, ਉਨ੍ਹਾਂ ਕਿਹਾ ਕਿ ਹਾਕਮ ਸਦਾ ਨਹੀਂ ਰਹਿਣਗੇ। ਇਨ੍ਹਾਂ ਨੂੰ ਕੁਝ ਸਾਲ ਰਾਜ ਕਰਨ ਦਾ ਮੌਕਾ ਦਿੱਤਾ ਜਾਵੇਗਾ। ਫਿਰ ਤੋਂ ਪਰਚੀ ਚੱਲੇਗੀ ਜਿਹੜਾ ਹਾਕਮ ਜਨਤਾ ਲਈ ਮਾੜਾ ਸਾਬਤ ਹੋਇਆ, ਉਹਨੂੰ ਤਖ਼ਤ ਤੋਂ ਲਾਹ ਦਿੱਤਾ ਜਾਵੇਗਾ ਪਰਚੀ ਨਾਲ।

ਮੁਕੱਦਮ : (ਅੱਕ ਕੇ) ਪਰਚੀ, ਪਰਚੀ, ਪਰਚੀ। ਇਹ ਸਭ ਬਾਗੀ ਗਬਿੰਦ ਸਿੰਘ ਦਾ ਕਸੂਰ ਏ ਜਿਹਨੇ ਸੰਗਤ ਦੀ ਅਹਿਮੀਅਤ ਬਣਾਈ ਏ।

ਇਕਬਾਲ : ਉਹਦੇ ਜਾਦੂ ਦੇ ਅਸਰ ਹੇਠ ਲੋਕ ਸਾਨੂੰ ਅੱਖਾਂ ਵਿਖਾਉਣ ਲੱਗ ਪਏ



ਨੇ। ਹੁਣ ਤਾਂ ਝਾੜੂ ਫੇਰਨ ਵਾਲੇ ਤੇ ਛਾਬੜੀਆਂ ਲਾਉਣ ਵਾਲੇ ਲੋਕ ਹੱਥ ਵਿੱਚ ਤਲਵਾਰਾਂ ਫੜ੍ਹਣ ਦੀ ਸੋਚ ਰਹੇ ਨੇ।

ਮੁਕੱਦਮ : ਇਸ ਤੋਂ ਪਹਿਲਾਂ ਕਿ ਖਲਕਤ ਸਾਡੇ ਸਿਰ ਤੇ ਆ ਚੜ੍ਹੇ, ਇਨ੍ਹਾਂ ਬਾਗੀ ਆਵਾਜ਼ਾਂ ਨੂੰ ਬੰਦ ਕਰ ਦਿਓ।

ਆਵਾਜ਼ : ਅੱਲਾ ਹੂ ਅਕਬਰ....

ਮੁਕੱਦਮ : (ਖੁਸ਼ੀ ਵਿੱਚ) ਹਾਂ, ਹਰ ਕੋਨੇ ਵਿੱਚ ਇਹੋ ਆਵਾਜ਼ ਕੰਨਾਂ ਨੂੰ ਸੁਨਣ ਨੂੰ ਮਿਲੇ। ਇਹੋ ਬਾਦਸ਼ਾਹ ਆਲਮਗੀਰ ਔਰੰਗਜ਼ੇਬ ਦੀ ਖਾਹਿਸ਼ ਏ।

ਇਕਬਾਲ : (ਅਦਬ ਨਾਲ ਝੁਕਦੇ ਹੋਏ) ਜੀ ਹਜ਼ੂਰ, ਅਸੀਂ ਉਸ ਬੰਦੇ ਦੀ ਜੁਬਾਂ ਕੱਟ ਦੇਵਾਂਗੇ ਜਿਸ ਜੁਬਾਂ ਵਿੱਚੋਂ ਬਾਗੀ ਆਵਾਜ਼ ਨਿਕਲਦੀ ਹੋਵੇ। ਮੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ।

ਮੁਕੱਦਮ : ਤੇ ਉਸ ਰਾਧਾ ਵਾਲੇ ਕੰਮ ਦਾ ਕੀ ਬਣਿਆ ?

ਇਕਬਾਲ : ਉਹ ਸੋਲਾਂ ਵਰਿਆਂ ਦੀ ਖੂਬਸੂਰਤ ਮੁਟਿਆਰ, ਜਿਹਦੀ ਖੂਬਸੂਰਤੀ ਦੀ ਚਰਚਾ ਸਾਰੇ ਨਗਰ ਵਿੱਚ ਹੁੰਦਾ ਏ ?

ਮੁਕੱਦਮਾ : (ਉਤਸੁਕਤਾ ਨਾਲ) ਹਾਂ ਹਾਂ, ਉਹੀ ਰਾਧਾ।

ਇਕਬਾਲ : ਹਜ਼ੂਰ, ਉਹ ਬਿੱਲੀ ਤਾਂ ਥੈਲੇ ਵਿੱਚ ਈ ਏ, ਘੜੇ ਦੀ ਮੱਛੀ ਏ ਉਹ ਤਾਂ, ਉਹਦੇ ਨਸੀਬਾਂ ਵਿੱਚ ਹਜ਼ੂਰ ਦਾ ਈ ਨਾਮ ਲਿਖਿਐ। ਹਜ਼ੂਰ, ਜਦੋਂ ਤੁਸੀਂ ਉਹਦਾ ਨਾਮ ਬੋਲਦੇ ਹੋ ਤਾਂ ਤੁਹਾਡੇ ਚਿਹਰਾ ਗੁਲਾਬ ਦੇ ਫੁਲ ਵਾਂਗ ਟਹਿਕਣ ਲੱਗ ਪੈਂਦੈ ਤੇ ਤੁਸੀਂ ਕਿਸੇ ਜਵਾਨ ਮਰਦ ਤੋਂ ਘੱਟ ਨਹੀਂ ਜਾਪਦੇ।

ਮੁਕੱਦਮਾ : (ਖੁਸ਼ੀ ਭਰੀ ਮਸਤੀ ਵਿਚ) ਤੇਰੀ ਗੱਲ ਬਿਲਕੁੱਲ ਦਰੁਸਤ ਏ। ਪਚਵੰਜਾ ਸਾਲ ਵੀ ਕੋਈ ਉਮਰ ਹੁੰਦੀ ਏ। ਨਾਲੇ ਮਰਦ ਤੇ ਘੋੜਾ ਕਦੇ ਬੁੱਢੇ ਨਹੀ ਹੁੰਦੇ ਜੇ ਉਨ੍ਹਾਂ ਨੂੰ ਦਾਣਾ ਪੈਂਦਾ ਰਹੇ।

ਇਕਬਾਲ : ਹਜ਼ੂਰ, ਰਾਧਾ ਜਾਦੂਗਰਨੀ ਏ। ਜਿਹੜਾ ਉਹਦੇ ਵੱਲ ਤੱਕਦੈ, ਫਿਰ ਤੱਕਦਾ ਈ ਰਹਿ ਜਾਂਦਾ ਏ।

ਮੁਕੱਦਮ : ਉਹਦੇ ਵੱਲ ਕਿਸੇ ਦੀ ਨਾਪਾਕ ਨਿਗਾਹ ਉੱਠਣੀ ਨਹੀਂ ਚਾਹੀਦੀ।

ਇਕਬਾਲ : ਪਰ ਰਾਧਾ ਦੀ ਮਾਂ ਆਪਣੀ ਛੋਹਰੀ ਤੁਹਾਡੇ ਮਹਿਲਾਂ ਵੱਲ ਤੋਰਨਾ ਨਹੀਂ ਚਾਹੁੰਦੀ।

ਮੁਕੱਦਮ : ਟੁੱਕੜ ਨਹੀਂ ਸੁੱਟਿਆ ?

ਇਕਬਾਲ : ਪੂਰਾ ਸੁੱਟਿਆ ਪਰ ਉਹ ਕਹਿੰਦੀ ਸਾਨੂੰ ਟੁੱਕੜ ਨਹੀਂ, ਇੱਜ਼ਤ ਚਾਹੀਦੀ ਏ।

| | | |
|---|---|---|
| ਮੁਕੱਦਮ | : | ਤੇ ਰਾਧਾ ਦੇ ਬਾਪ ਦਾ ਕੀ ਖਿਆਲ ਏ? |
| ਇਕਬਾਲ | : | ਉਹ ਤਾਂ ਜੀ ਮਾਇਆ ਵੇਖ ਕੇ ਸਾਰੀ ਖਲਕਤ ਭੁੱਲ ਜਾਂਦੈ। |
| ਮੁਕੱਦਮਾ | : | ਤੂੰ ਕੁਝ ਵੀ ਕਰ, ਸਿੱਧੀ ਤਰ੍ਹਾਂ ਨਹੀਂ ਤਾਂ ਦੂਜੀ ਤਰ੍ਹਾਂ ਹੀ ਸਹੀ। ਰਾਧਾ ਮੇਰੇ ਮਹਿਲਾਂ ਵਿੱਚ ਪਹੁੰਚਣੀ ਚਾਹੀਦੀ ਏ।<br>(ਚਰਨ ਦਾਸ ਆਉਂਦਾ ਹੈ, ਜੋ ਚਰਨ ਦਾਸ ਤੋਂ ਚਰਨ ਸਿੰਘ ਬਣ ਗਿਆ ਹੈ, ਉਹਦੇ ਹੱਥ ਵਿੱਚ ਕ੍ਰਿਪਾਨ ਹੈ। |
| ਚਰਨ ਸਿੰਘ | : | ਹੁਣੇ ਪਹੁੰਚੇਗੀ, ਪਰ ਰਾਧਾ ਨਹੀਂ, ਤੇਰੀ ਲਾਸ਼। |
| ਮੁਕੱਦਮਾ | : | ਕਾਫਰ ਕਿਸੇ ਜਹਾਨ ਦਾ (ਇਕਬਾਲ ਨੂੰ) ਇਹਦਾ ਸਿਰ ਕਲਮ ਕਰ ਦਿੱਤਾ ਜਾਵੇ। |
| ਚਰਨ ਸਿੰਘ | : | ਦਸ਼ਮੇਸ਼ ਪਿਤਾ ਦੇ ਸਿੱਖਾਂ ਤੇ ਉਸੇ ਦਾ ਜਾਂ ਸੰਗਤ ਦਾ ਹੁਕਮ ਚਲਦਾ ਏ। ਤੇਰਾ ਨਹੀਂ ਦੁਸ਼ਟਾ। |
| ਮੁਕੱਦਮ | : | ਗਿੱਦੜ ਦੀ ਔਲਾਦ ਸਾਡੀ ਬਿਲੀ ਤੇ ਸਾਨੂੰ ਮਿਆਊਂ। (ਮੁਕੱਦਮ ਤੇ ਇਕਬਾਲ ਵੱਲ ਕ੍ਰਿਪਾਨ ਸੇਧ ਲੈਂਦਾ ਹੈ) |
| ਮੁਕੱਦਮਾ | : | ਇਕਬਾਲ, ਇਸ ਗਿੱਦੜ ਨੂੰ ਖਤਮ ਕਰਦੇ। ਤੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ। |
| ਇਕਬਾਲ | : | (ਚਰਨ ਦਾਸ ਦੀਆਂ ਅੱਖਾਂ ਵਿਚਲੀ ਜੋਤ ਵੇਖ ਕੇ ਭੈਭੀਤ ਹੁੰਦਾ ਹੋਇਆ) ਪਤਾ ਨਹੀਂ ਕਿਉਂ ਮੇਰੀਆਂ ਬਾਹਵਾਂ ਵਿੱਚ ਸ਼ਕਤੀ ਘਟ ਰਹੀ ਏ) |
| ਮੁਕੱਦਮਾ | : | ਇਹ ਕੀ? ਦੁਨੀਆ ਘੁੰਮ ਰਹੀ ਏ, ਉਹ ਮਹਿਲ ਹਿੱਲ ਰਹੇ ਨੇ। ਮੇਰੀਆਂ ਅੱਖਾਂ ਅੱਗੇ ਕਿਉਂ ਹਨ੍ਹੇਰਾ ਹੋ ਰਿਹੈ। |
| ਇਕਬਾਲ | : | ਪਰ ਮੇਰੀਆਂ ਅੱਖਾਂ ਅੱਗੇ ਚਾਨਣ ਹੋ ਰਿਹੈ। |
| ਚਰਨ ਸਿੰਘ | : | ਹਾਂ, ਹੁਣ ਚਾਨਣ ਹੋਵੇਗਾ, ਹਨ੍ਹੇਰੀ ਰਾਤ ਖਤਮ ਹੋਵੇਗੀ। ਹੁਣ ਰਾਜ ਕਰੇਗਾ ਖਾਲਸਾ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। (ਕ੍ਰਿਪਾਨ ਤਾਣਦਾ ਹੋਇਆ ਅੱਗੇ ਵਧਦਾ ਹੈ, ਸਿਪਾਹੀ ਦੌੜ ਜਾਂਦਾ ਹੈ। ਮੁਕੱਦਮ ਜ਼ਮੀਨ ਤੇ ਡਿੱਗ ਪੈਂਦਾ ਹੈ, ਉਹਦੇ ਪੇਟ ਉੱਪਰ ਚਰਨ ਆਪਣਾ ਪੈਰ ਰੱਖ ਦਿੰਦਾ ਹੈ) ਪਿੱਛੋਂ ਗਾਉਣ ਦੀ ਆਵਾਜ਼ |

ਜਬੈ ਬਾਣ ਲਾਗਿਯੋ
ਤਬੈ ਰੋਸ ਜਾਗਿਯੋ ॥

◆◆◆



# ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਭਾਈ ਧੰਨਾ ਸਿੰਘ ਦਾ ਪਿੰਡ ਨੌਸ਼ਹਿਰਾ ਪਨੂੰਆਂ

**-ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਪੰਜਾਬ ਵਿੱਚ ਪੰਨੂੰ ਜੱਟਾਂ ਦਾ ਸਭ ਤੋਂ ਵੱਡਾ ਪਿੰਡ ਹੈ ਨੌਸ਼ਹਿਰਾ ਪਨੂੰਆਂ।

ਇਤਿਹਾਸਕ ਪਿੰਡ ਨੌਸ਼ਹਿਰਾ ਪਨੂੰਆਂ, ਜ਼ਿਲ੍ਹਾ ਹੈਡ ਕਵਾਰਟਰ ਤਰਨਤਾਰਨ ਤੋਂ 13 ਕਿਲੋਮੀਟਰ ਦੀ ਵਿੱਥ ਉਤੇ, ਅੰਮ੍ਰਿਤਸਰ, ਤਰਨਤਾਰਨ, ਹਰੀਕੇ, ਮੋਗਾ, ਮੁੱਖ ਸੜਕ ਉਤੇ ਸਥਿਤ ਹੈ। ਪਿੰਡ ਦਾ ਵੱਸੋ 12,000 ਤੋਂ ਵੱਧ ਹੈ – 12 ਪੱਤੀਆਂ ਹਨ। 13 ਮੈਂਬਰੀ ਪੰਚਾਇਤ ਹੈ। ਪਿੰਡ ਦੇ ਚਾਰਾਂ ਦਿਸ਼ਾਵਾਂ ਵਿੱਚ ਚਾਰ ਦਰਵਾਜ਼ੇ ਸਨ— ਹੁਣ ਸਿਰਫ਼ ਇਕ ਦਰਵਾਜ਼ਾ ਹੀ ਬਾਕੀ ਬਚਿਆ ਹੈ। ਪਿੰਡ ਵਿੱਚ ਇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ— ਲੜਕੀਆਂ ਲਈ ਇਕ ਹਾਈ ਸਕੂਲ ਹੈ। ਚਾਰ ਪ੍ਰਾਇਮਰੀ ਸਕੂਲ ਹਨ। ਛੋਟਾ ਸਿਵਲ ਹਸਪਤਾਲ ਹੈ। ਡੰਗਰਾਂ ਦਾ ਹਸਪਤਾਲ ਵੀ ਪਿੰਡ ਵਿੱਚ ਹੈ। ਵੱਡੀ ਦਾਣਾ ਮੰਡੀ ਹੈ। ਪਿੰਡ ਵਿੱਚ ਕਰੀਬ 15 ਗੁਰਦਵਾਰੇ ਹਨ। ਦੋ ਪੁਰਾਤਨ ਮੰਦਰ ਵੀ ਹਨ। ਪੰਜ-ਛੇ ਪੀਰਾਂ ਦੀਆਂ ਦਰਗਾਹਾਂ ਹਨ। ਮਾਤਾ ਰਾਣੀ ਦਾ ਪੁਰਾਤਨ ਮੰਦਰ ਹੈ – ਜਿੱਥੇ ਸਾਲ ਵਿੱਚ ਦੋ ਵਾਰ ਭਾਰੀ ਮੇਲਾ ਲਗਦਾ ਹੈ। ਔਰਤਾਂ ਵਰਤ ਰੱਖਣ ਤੋਂ ਬੱਾਦ ਇਸ ਮੰਦਰ ਵਿੱਚ ਮੱਥਾ ਟੇਕਦੀਆਂ ਹਨ। ਪਿੰਡ ਦੀ ਦੱਖਣੀ ਬਾਹੀ ਵੱਲ ਇਕ ਹੋਰ ਪੁਰਾਤਨ ਮੰਦਰ ਹੈ – ਦੇਵੀ ਦੇਵਤਿਆਂ ਦੇ ਨਾਲ ਹਨੂੰਮਾਨ ਦੀਆਂ ਮੁਰਤੀਆਂ ਸਥਾਪਤ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਕ ਮੰਦਰ ਦੇ ਨਾਮ ਕੁਝ ਜ਼ਮੀਨ ਵੀ ਲਾਈ ਸੀ। ਪਿੰਡ ਵਿੱਚ ਨਵਾਂ ਬਣਿਆ ਗੁਰਦਵਾਰਾ ਗੁਰਬਖਸ਼ਿਸ਼ ਪ੍ਰਕਾਸ਼ ਹੈ। ਇਹ ਕਵੀ ਰਾਜ ਭਾਈ ਧੰਨਾ ਸਿੰਘ ਨਾਲ ਸਬੰਧਤ ਹੈ। ਭਾਈ ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਦੇ ਸੇਵਾਦਾਰ ਸਨ – ਘੋੜਿਆਂ ਦੀ ਦੇਖ ਭਾਲ ਕਰਦੇ ਸਨ। ਗੁਰੂ ਸਾਹਿਬ ਦੇ 52 ਕਵੀਆਂ ਨਾਲ ਅਸਿੱਧੇ ਤੌਰ ਉੱਤੇ ਸਬੰਧਤ ਸਨ। ਵਿਦਵਾਨ ਸਨ। ਕਵਿਤਾ ਦੇ ਸਹੀ ਅਰਥ ਕਰ ਸਕਦੇ ਸਨ। ਭਾਈ ਧੰਨਾ ਸਿੰਘ ਯੋਧੇ ਸਨ। ਜੰਗ ਵਿੱਚ ਭਾਗ ਲੈਂਦੇ ਸਨ। ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਵੀ ਭਾਈ ਧੰਨਾ ਸਿੰਘ ਬਾਰੇ ਭਾਵਪੂਰਤ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਧੰਨਾ ਸਿੰਘ ਨੂੰ ਆਪਣਾ ਨਿੱਜੀ ਕੰਘਾ ਅਤੇ ਦਸਤਾਰ ਦਿੱਤੀ ਸੀ, ਚਾਰੇ ਹੁਕਮਨਾਮੇ ਵੀ ਜਾਰੀ ਕੀਤੇ ਸਨ। ਪਿੰਡ ਦੇ ਨਾਮ ਇੱਕ ਹੁਕਮਨਾਮਾ ਮਾਤਾ ਸਾਹਿਬ ਕੌਰ ਨੇ ਜਾਰੀ ਕੀਤਾ ਮਿਲਦਾ ਹੈ। ਇਹ ਹੁਕਮਨਾਮੇ 1699 ਈ. ਤੋਂ ਲੈ ਕੇ 1702 ਈ. ਤੱਕ ਦੇ ਹਨ।

ਪਿੰਡ ਨੋਸ਼ਹਿਰੀ ਪਨੂੰਆਂ ਸ਼ਹੀਦ ਭਗਤ ਸਿੰਘ ਨਾਲ ਵੀ ਥੋੜਾ ਕੁ ਜੁੜ ਜਾਂਦਾ ਹੈ।

ਕਿਉਂਕਿ ਭਗਤ ਸਿੰਘ ਨੂੰ ਪੁਛਗਿੱਛ ਕਰਨ ਵਾਲਾ ਸੀ.ਆਈ.ਡੀ. ਅਫ਼ਸਰ ਗੋਪਾਲ ਸਿੰਘ ਪੰਨੂੰ, ਨੌਸ਼ਹਿਰਾ ਪਨੂੰਆਂ ਦਾ ਰਹਿਣ ਵਾਲਾ ਸੀ। ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੌਸ਼ਹਿਰਾ ਪਨੂੰਆਂ ਵਿਆਹਿਆ ਹੋਇਆ ਹੈ। ਅੰਮ੍ਰਿਤਸਰ ਵੱਸਦਾ ਪੰਜਾਬੀ ਲੇਖਕ ਨਰੇਸ਼ ਕੋਹਲੀ ਏਸੇ ਪਿੰਡ ਦਾ ਜੰਮਪਲ ਹੈ। ਨੌਸ਼ਹਿਰਾ ਪਨੂੰਆਂ ਦੇ ਬਹੁਤ ਨੇੜੇ ਸਰਹਾਲੀ ਕਲਾਂ ਦਾ ਜੰਮਪਲ ਸੀ ਕਾਮਾਗਾਟਾਮਾਰੂ ਜਹਾਜ਼ ਵਾਲਾ ਪ੍ਰਸਿੱਧ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ। ਨੇੜੇ ਦੇ ਪਿੰਡ ਲਾਹੋਕੇ ਦਾ ਜੰਮਪਲ ਸ੍ਰੀ ਗੁਰਵੇਲ ਸਿੰਘ ਪਨੂੰ ਸੰਪਾਦਕ 'ਸੇਧ'।

ਨੌਸ਼ਹਿਰਾ ਪਨੂੰਆਂ ਦੇ ਆਸ ਪਾਸ ਪਿੰਡਾਂ ਵਿੱਚੋਂ ਗਦਰੀ ਬਾਬੇ ਵੀ ਹੋਏ ਹਨ। ਜਿਹਨਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਖਾਤਰ ਕੁਰਬਾਨੀਆਂ ਦਿੱਤੀਆਂ। ਬਹੁਤ ਨੇੜੇ ਦੇ ਪਿੰਡ ਠੱਠੀਆਂ ਦੇ ਗਦਰ ਪਾਰਟੀ ਦੇ ਮੀਤ ਪ੍ਰਧਾਨ ਜਵਾਲਾ ਸਿੰਘ ਠੱਠੀਆਂ, ਗੰਡੀਵਿੰਡ ਦੇ ਸੰਤਾ ਸਿੰਘ, ਦਦੇਹਰ ਦੇ ਬਾਬ ਵਸਾਕਾ ਸਿੰਘ, ਵੇਈਂਪੂਈਂ ਦੇ ਸ਼ੇਰ ਸਿੰਘ, ਰਸੂਲਪੁਰ ਦੇ ਹਰਨਾਮ ਸਿੰਘ, ਕਸੇਰ ਦੇ ਮਹਾਰਾਜ ਸਿੰਘ ਤੇ ਮੇਵਾ ਸਿੰਘ, ਵੜਿੰਗ ਦੇ ਭਾਈ ਭਗਵਾਨ ਸਿੰਘ, ਵਰਪਾਲ ਦੇ ਬਿਸਨ ਸਿੰਘ, ਪੱਧਰੀ ਦੇ ਇੰਦਰ ਸਿੰਘ, ਲਾਲਪੁਰ ਦੇ ਮੰਗਲ ਸਿੰਘ, ਸੁਰਸਿੰਘ ਦੇ ਗੰਡਾ ਸਿੰਘ, ਚੌਧਰੀ ਵਾਲਾ ਦੇ ਜਿੰਦਰ ਸਿੰਘ, ਮਰਹਾਣਾ ਦੇ ਕੇਹਰ ਸਿੰਘ, ਰੂੜੀਵਾਲ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ, ਢੋਟੀਆਂ ਦੇ ਬਿਸ਼ ਸਿੰਘ ਆਦਿ।

ਖਾਲਾ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ, ਨੌਸ਼ਿਹਿਰਾ ਪਨੂੰਆਂ ਦਾ ਵਾਸੀ, ਨੌਜਵਾਨ ਪ੍ਰਿਥੀਪਾਲ ਸਿੰਘ, ਗੁਰੂ ਕੇ ਬਾਗ ਦੇ ਮੋਰਚੇ ਵਿੱਚ 1922 ਵਿੱਚ ਜਥੇ ਵਿੱਚ ਸਾਮਲ ਸੀ, ਸ਼ਹੀਦੀ ਦਾ ਜੀਮ ਪੀ ਗਿਆ ਸੀ।

ਸਖੀਰਾ ਨੌਸ਼ਹਿਰਾ ਪਨੂੰਆਂ ਦਾ ਵਾਸੀ ਜਤਿੰਦਰ ਪਨੂੰ, ਜਲੰਧਰ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਉਚੀ ਪਦਵੀ ਉਤੇ ਹੈ।

ਨੌਸ਼ਹਿਰਾ ਪਨੂੰਆਂ ਦਾ ਪ੍ਰਸਿੱਧ ਕਮਿਊਨਿਸਟ ਆਗੂ, ਕਾਮਰੇਡ ਬ੍ਰਹਮਦੱਤ ਨੇ ਸਾਰੀ ਉਮਰ ਲੋਕਾਂ ਦੇ ਹੱਕਾਂ ਲਈ ਜੂਝਦਿਆਂ ਲੰਘਾਈ। ਆਪਣੇ ਘਰ ਵਿੱਚ ਇਕ ਵੱਡੀ ਲਾਇਬ੍ਰੇਰੀ ਸਥਾਪਤ ਕੀਤੀ ਸੀ। ਮਰਨ ਉਪਰੰਤ ਕਾਮਰੇਡ ਬ੍ਰਹਮਦੱਤ ਨੇ ਆਪਣੀ ਲਾਇਬਰੇਰੀ ਦੀਆਂ ਸਾਰੀਆਂ ਕਿਤਾਬਾਂ, ਦੁਰਲਭ ਤਸਵੀਰਾਂ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਦਾਨ ਕਰ ਦਿੱਤੀਆਂ ਸਨ।

ਇਤਿਹਾਸਕ ਪਿੰਡ ਨੌਸ਼ਹਿਰਾ ਪਨੂੰਆਂ ਨੇ ਕਈ ਵੱਡੀਆਂ ਸ਼ਖਸੀਅਤਾਂ ਪੰਜਾਬ ਨੂੰ ਦਿੱਤੀ। ਸੰਤ ਸਰੂਪ ਸਿੰਘ ਮੁੱਢਲਿਆਂ ਸਮਿਆਂ ਵਿੱਚ ਕਾਂਗਰਸ ਦੇ ਪ੍ਰਸਿੱਧ ਆਗੂ ਸਨ। ਮਹਿੰਦਰ ਸਿੰਘ ਪੰਨੂੰ ਸ੍. ਪ੍ਰਤਾਪ ਸਿੰਘ ਕੈਰੋਂ ਦਾ ਪੀ.ਏ. ਰਿਹਾ ਸੀ। ਕਰਤਾਰ ਸਿੰਘ ਪੰਨੂੰ ਅਧਿਆਪਕ ਆਗੂ ਸੀ। ਪਰਮਜੀਤ ਸਿੰਘ ਪੰਨੂੰ ਅੱਜਕਲ੍ਹ ਅਧਿਆਪਕ ਆਗੂ ਹੈ। ਪੰਜਾਬ ਦੇ ਪ੍ਰਸਿੱਧ ਕਿਸਾਨ ਆਗੂ ਕੰਵਲਪ੍ਰੀਤ ਸਿੰਘ ਪੰਨੂੰ, ਪ੍ਰਧਾਨ ਕਿਸਾਨ ਸੰਘਰਸ ਕਮੇਟੀ, ਚੌਧਰੀਵਾਲ ਨੌਸ਼ਹਿਰਾ ਪਨੂੰਆਂ ਨਾਲ ਸਬੰਧ ਰੱਖਦਾ ਹੈ।



ਪਿੰਡ ਨੌਸ਼ਹਿਰਾ ਪਨੂੰਆਂ ਦੇ ਜੰਮਪਲ, ਅੱਜਕਲ ਕੈਨੇਡਾ ਸਤਾਪਤ, ਰਵਿੰਦਰ ਸਿੰਘ ਪੰਨੂੰ, 1986 ਤੋਂ ਟਰਾਂਟੋ ਤੋਂ 24 ਘੰਟੇ ਚੈਨਲ, ਸੁਰ ਸਾਗਰ ਰੇਡੀਓ ਅਤੇ ਐਸ.ਐਸ. ਟੀ.ਵੀ. ਚਲਾ ਰਿਹਾ ਹੈ।

ਦਿੱਲੀ ਵਿਖੇ ਹੋਈਆਂ 2011 ਦੀਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਨੌਸ਼ਹਿਰਾ ਪਨੂੰਆਂ ਦਾ ਨਾਮ ਚਮਕਾਉਣ ਵਾਲਾ, ਫੌਜ ਵਿੱਚ ਸੇਵਾ ਕਰ ਰਿਹਾ, ਗੁਰਪ੍ਰੀਤ ਸਿੰਘ ਪੁੱਤਰ ਅਜੀਤ ਸਿੰਘ ਅਤੇ ਚਰਨਜੀਤ ਕੌਰ ਨੇ ਨਿਸ਼ਾਨੇਬਾਜ਼ੀ ਵਿੱਚ ਜੋ ਸੋਨੇ ਦੇ ਤਮਗੇ ਅਤੇ ਇੱਕ ਚਾਂਦੀ ਦਾ ਤਮਗਾ ਜਿੱਤੇ ਸਨ। ਪੰਜਾਬ ਸਰਕਾਰ ਨੇ, ਰਾਸ਼ਟਰਮੰਡਲ ਖੇਡਾਂ ਵਿੱਚ ਜਿਹਨਾਂ ਪੰਜਾਬੀ ਮੁੰਡੇ-ਕੁੜੀਆਂ ਨੇ ਤਗਮੇ ਜਿੱਤੇ ਸਨ, ਉਨ੍ਹਾਂ ਨੂੰ ਲੱਖਾਂ ਰੁਪਏ ਦੇ ਪੁਰਸਕਾਰ ਦਿੱਤੇ ਸਨ। ਡੀ.ਐਸ.ਪੀ. ਦੀਆਂ ਵੱਡੀਆਂ ਨੌਕਰੀ ਦਿੱਤੀਆਂ ਸਨ, ਪਰ ਗੁਰਪ੍ਰੀਤ ਸਿੰਗ ਨੂੰ ਕੋਈ ਇਨਾਮ ਰਾਸ਼ੀ, ਫੌਜ ਵਿੱਚ ਨੌਕਰੀ ਕਰਦਾ ਹੋਣ ਕਰਕੇ, ਨਾ ਦੇ ਕੇ, ਬਹੁਤ ਮਾੜਾ ਕੀਤਾ ਹੈ। ਬੇਸ਼ੱਕ ਇਹ ਪੰਜਾਬੀ ਨੌਜਵਾਨ ਫੌਜ ਵੱਲੋਂ ਖੇਡਿਆ ਸੀ। ਕ੍ਰਿਕਟ ਵਰਗੀ ਕੰਮਚੋਰ, ਵਿਹਲੜ, ਅੰਗਰੇਜ਼ਾਂ ਦੀ ਜੂਠ, ਮੈਚ ਫਿਕਸਿੰਗ ਦੀ ਮਾਰੀ ਹੋਈ ਵਪਾਰਕ ਕੇਡ ਦੇ, ਕ੍ਰਿਕਟ ਕੱਪ ਜਿੱਤਣ ਵਾਲੀ ਦੀ ਟੀਮ ਦੇ ਦੋ ਪੰਜਾਬੀ ਮੈਂਬਰਾਂ, ਜਿਹੜੇ ਪਹਿਲਾਂ ਹੀ ਕਰੋੜਪਤੀ ਹਨ, ਨੂੰ ਇੱਕ ਇੱਕ ਕਰੋੜ ਦੀ ਭਾਰੀ ਇਨਾਮ ਰਾਸ਼ੀ ਦੇ ਕੇ, ਸਾਧਾਰਨ ਪੰਜਾਬੀ ਖਿਡਾਰੀਆਂ, ਬੇਰੋਜ਼ਗਾਰ ਨੌਜਵਾਨਾਂ ਨਾਲ ਅਤਿ ਕੋਝਾ ਮਜ਼ਾਕ ਕੀਤਾ ਹੈ। ਇਸ ਕਾਰਵਾਈ ਨੂੰ ਅਸੀਂ ਲੋਕਾਂ ਦੇ ਪੈਸੇ ਦੀ ਕਥਿਤ ਦੁਰਵਰਤੋਂ ਹੀ ਕਹਾਂਗੇ।

ਨੌਸ਼ਹਿਰਾ ਪਨੂੰਆਂ, ਪਹਿਲਾਂ ਵਿਧਾਨ ਸਭਾ ਹਲਕਾ ਸਰਹਾਲੀ ਵਿੱਚ ਸਾਮਲ ਸੀ। ਫੇਰ ਨੌਸ਼ਹਿਰਾ ਪਨੂੰਆਂ ਨਾਮ ਦਾ ਪੰਜਾਬ ਵਿਧਾਨ ਸਭਾ ਦਾ ਹਲਕਾ ਬਣਿਆ ਰਿਹਾ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਨੌਸ਼ਹਿਰਾ ਪਨੂੰਆਂ ਹਲਕਾ ਵਿਚੋਂ ਰਣਜੀਤ ਸਿੰਘ ਬ੍ਰਹਮਪੁਰਾ 39846 ਵੋਟਾਂ ਪ੍ਰਾਪਤ ਕਰਕੇ ਜੇਤੂ ਰਿਹਾ ਸੀ। ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਅਗਨੀਹੋਤਰੀ 37387 ਲੈ ਕੇ 2459 ਵੋਟਾਂ ਦਾ ਥੋੜ੍ਹੇ ਫਰਕ ਨਾਲ ਹਾਰ ਗਿਆ ਸੀ। ਹੁਣ ਇਹ ਹਲਕਾ ਖਤਮ ਕਰਕੇ ਇਸ ਹਲਕੇ ਦੇ 40 ਪਿੰਡ ਹਲਕਾ ਪੱਟੀ ਨਾਲ ਐਤ 32 ਪਿੰਡ ਹਲਕਾ ਖਡੂਰ ਸਾਹਿਬ ਨਾਲ ਮਿਲਾ ਦਿੱਤੇ ਗਏ ਹਨ।

ਪਿੰਡ ਵਿਖੇ ਸਾਂਝੀਆਂ ਖੁਲ੍ਹੀਆਂ ਸ਼ਾਮਲਾਟ, ਜ਼ਮੀਨਾਂ ਹੁੰਦੀਆਂ ਸਨ। ਦਾਸਕੀ ਪੱਤੀ ਦੇ ਨੇੜੇ ਸੜਕ ਨਾਲ ਲੱਗਦੀ ਸਾਂਝੀ ਸ਼ਾਮਲਾਟ ਦੇਰ ਦੀ ਮੱਲੀ ਜਾ ਚੁੱਕੀ ਹੈ। ਸੁੱਕ ਚੁੱਕੇ ਛੱਪੜ ਅਤੇ ਰੂੜੀਆਂ ਸੁੱਟਣ ਵਾਲੀਆ ਥਾਵਾਂ ਵੀ, ਨੇੜੇ ਦੇ ਲੋਕਾਂ ਨੇ ਮੱਲ ਲਈਆਂ ਹਨ। ਇਹ ਨਜਾਇਜ਼ ਕਬਜ਼ੇ ਖਾਲੀ ਕਰਵਾਉਣ ਦੀ ਲੋੜ ਹੈ। ਖਾਲੀ ਛੱਪੜਾਂ ਵਾਲੀ ਥਾਂ ਓਤੇ, ਵਿਕਾਸ ਕਰਕੇ, ਪਾਰਕਾਂ ਤੇ ਖੇਡ ਮੈਦਾਨ ਬਣਾਏ ਜਾ ਸਕਦੇ ਹਨ। ਇਸ ਸਬੰਧ ਵਿੱਚ ਪਿੰਡ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਆ ਕੇ ਪਿੰਡ ਵਾਸੀਆਂ ਨੂੰ ਜਾਗਰੂਕ ਕਰ ਚੁੱਕੇ ਹਨ। ਨੌਸ਼ਹਿਰਾ ਪਨੂੰਆਂ ਵਿੱਚ ਆਧੁਨਿਕ ਬੱਸ ਸਟੈਂਡ ਦੀ ਤੁਰੰਤ ਲੋੜ ਹੈ। ਬੱਸ

ਸਟੈਂਡ ਨਾ ਹੋਮ ਕਰਕੇ ਬੱਸਾਂ ਵੱਖ-ਵੱਖ ਥਾਵਾਂ ਉੱਤੇ ਰੁਕਦੀਆਂ ਹਨ। ਸਵਾਰੀਆਂ ਨੂੰ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਪਿੰਡ ਨੂੰ ਕੁੜੀਆਂ ਦੇ ਕਾਲਜ ਦੀ ਲੋੜ ਹੈ। ਸੰਪੂਰਨ ਸਿਵਲ ਹਸਪਤਾਲ ਵੀ ਹੋਣਾ ਚਾਹੀਦਾ ਹੈ। ਵੱਡਾ ਪਿੰਡ ਹੈ, ਖੇਡ ਸਟੇਡੀਅਮ, ਮਨੋਰੰਜਕ ਪਾਰਕ ਅਤੇ ਜਨਤਕ ਲਾਇਬਰੇਰੀ ਵੀ ਉਸਾਰੀ ਜਾਣੀ ਚਾਹੀਦੀ ਹੈ।

ਉਤਸ਼ਾਹੀ ਤੇ ਹਿੰਮਤੀ ਨੌਜਵਾਨ ਇਕਬਾਲ ਸਿੰਘ ਮੈਣੀ ਅੱਜਕਲ ਨੌਸ਼ਹਿਰਾ ਪਨੂੰਆਂ ਦਾ ਸਰਪੰਚ ਹੈ।

-ਕਵਿਤਾ ਭਵਾਨ, ਮਾਛੀਵਾੜਾ ਰੋਡ-ਸਮਰਾਲਾ-141114

ਮੋਬਾ. 94638-08697

◆◆◆

## ਪ੍ਰਾਪਤ ਪੁਸਤਕਾਂ

1. ਬੋਲ ਦੋ ਸੱਕੇ ਭਰਾਵਾਂ ਦੇ
   – ਵਰਿੰਦਰ ਸਿੰਘ ਟਾਹਲਵੀ, ਦਵਿੰਦਰ ਸਿੰਘ ਟਾਹਲਵੀ
   (ਕਵਿਤਾਵਾਂ ਅਤੇ ਗੀਤ)
   (ਸ਼ਾਇਰ ਰਤਨ ਟਾਹਲਵੀ ਦੇ ਸਪੁੱਤਰ)
2. ਕੁਝ ਪਲ ਅਸਾਵੇਂ (ਵਿਅੰਗ) -ਭੁਪਿੰਦਰ ਸਿੰਘ
3. ਤੇਰੀਆਂ ਮੇਰੀਆਂ ਬਾਤਾਂ (ਮਿੰਨੀ ਕਹਾਣੀ ਸੰਗ੍ਰਹਿ)
   – ਰਘਬੀਰ ਸਿੰਘ ਮਹਿਮੀ
4. ਜਨਵਾਦੀ ਕਾਵਿ ਸੁਰਾਂ (ਕਵਿਤਾਵਾਂ)
   – ਸੰਪਾਦਕ ਅਰਵਿੰਦਰ ਕੌਰ ਕਾਕੜਾ
5. ਮਿੱਥਾਂ ਸਹਾਰੇ ਚਲਦੀ ਦੁਨੀਆ – ਸੰਦੀਪ ਕੁਮਾਰ ਦਰਦੀ
6. ਬਿਜਲੀ ਕੜਕੇ (ਕਾਵਿ ਸੰਗ੍ਰਹਿ) – ਸ਼ਿਵ ਨਾਥ
7. ਅਗਿਆਤ ਦੀ ਲੀਲਾ (ਕਾਵਿ ਸੰਗ੍ਰਹਿ) – ਗੁਰਬਖਸ਼ ਜਸ

◆◆◆



# ਕਵਿਤਾਵਾਂ, ਗੀਤ ਅਤੇ ਰੁਬਾਈਆਂ

## ਫ਼ੁਰਸਤ ਮਿਲੇ ਤਾਂ ਆ ਜਾਵੀਂ

ਪ੍ਰੋ. ਕੁਲਵੰਤ ਔਜਲਾ

ਫ਼ੁਰਸਤ ਮਿਲੇ ਤਾਂ ਆ ਜਾਵੀਂ, ਯਾਦਾਂ ਦੁਹਰਾਵਾਂਗੇ।
ਪਾਵਾਂਗੇ ਦਿਲ ਦੀਆਂ ਬਾਤਾਂ, ਗਿਲੇ ਸ਼ਿਕਵੇ ਭੁਲਾਵਾਂਗੇ
ਨਵੀਂ ਇੱਕ ਆਸ ਬੀਜਾਂਗੇ, ਨਵੀਂ ਕੋਈ ਚਿਣਗ ਜਗਾਵਾਂਗੇ
ਪੰਘਰਾਂਗੇ, ਪਸੀਜਾਂਗੇ, ਰੁੱਸਾਂਗੇ, ਮਨਾਵਾਂਗੇ
ਰੱਜ ਰੱਜ ਕੇ ਦੇਖਾਂਗੇ, ਰੱਜ ਰੱਜ ਕੇ ਚਾਹਵਾਂਗੇ
ਮੋਹ ਦੀ ਅੱਗ ਸੇਕਾਂਗੇ, ਜਜ਼ਬੇ ਪਿਘਲਾਵਾਂਗੇ
ਥੋੜਾ ਜੇਹਾ ਭਾਵੁਕ ਹੋਵਾਂਗੇ, ਥੋੜਾ ਜਿਹਾ ਤਿਲਮਿਲਾਵਾਂਗੇ
ਢੂੰਡਾਂਗੇ ਗੁੰਮ ਗਏ ਪੈਂਡੇ, ਬੀਤਿਆ ਮੋੜ ਲਿਆਵਾਂਗੇ
ਡੁੱਬਾਂਗੇ ਡੂੰਘੇ ਵਹਿਣਾਂ ਵਿੱਚ, ਲਹਿਰਾਂ ਵਿੱਚ ਗੋਤੇ ਖਾਵਾਂਗੇ
ਖ਼ੁਦ ਵਿੱਚ ਲੀਨ ਹੋਵਾਂਗੇ, ਵਜਦ ਵਿੱਚ ਗੁਣਗੁਣਾਵਾਂਗੇ
ਪੁਰਾਣੀ ਗ਼ਜ਼ਲ ਛੇੜਾਂਗੇ, ਪੁਰਾਣੀ ਨਜ਼ਮ ਸੁਣਾਵਾਂਗੇ
ਕਰਾਂਗੇ ਯਾਦ ਭੁੱਲਿਆਂ ਨੂੰ, ਹਿਜਰ ਦਾ ਜੋਗ ਕਮਾਵਾਂਗੇ
ਮਿਣਾਂਗੇ ਅੰਬਰ ਦੇ ਤਾਰੇ, ਚੰਦਰਮਾ ਕੋਲ ਬੁਲਾਵਾਂਗੇ
ਭਰਾਂਗੇ ਮੁੜ ਮੁੜ ਕੇ ਅੱਖਾਂ, ਰੋਵਾਂਗੇ, ਰੁਆਵਾਂਗੇ
ਸਹਿਜੇ ਸਹਿਜੇ ਜ਼ਖ਼ਮ ਛੇੜਾਂਗੇ, ਸਹਿਜੇ ਸਹਿਜੇ ਮਰਹਮ ਲਾਵਾਂਗੇ
ਰਾਜ਼ ਵੀ ਫਰੋਲਾਂਗੇ, ਸੁਪਨੇ ਵੀ ਉਗਾਵਾਂਗੇ
ਖੁਸ਼ਬੋਈਆਂ ਵੰਡਾਂਗੇ, ਲੀਕਾਂ ਮਿਟਾਵਾਂਗੇ
ਦਰਦ ਦੇ ਪੂਰਾਂਗੇ ਟੋਏ, ਪੀੜ ਦਾ ਸੇਕ ਘਟਾਵਾਂਗੇ
ਫ਼ੁਰਸਤੇ ਮਿਲੇ ਤਾਂ ਆ ਜਾਵੀਂ, ਯਾਦਾਂ ਦੁਹਰਾਵਾਂਗੇ
ਕੁਲਵੰਤ ਨੂੰ ਕਰਾਂਗੇ ਚੇਤੇ, ਅਤੀਤ ਲਈ ਝਟਪਟਾਵਾਂਗੇ।

97, ਮਾਡਲ ਟਾਊਨ ਕਪੂਰਥਲਾ

ਫ਼ੋਨ 01822-235343, 502556

◆◆◆

# ਕਸ਼ਮੀਰ ਦੇ ਨਾਂ

**ਸੁਖਚੈਨ ਸਿੰਘ ਭੰਡਾਰੀ**

ਉਹ ਅੱਗ
ਜੋ ਕਈ ਸਾਲਾਂ ਤੋਂ
'ਚਿਨਾਰਾਂ' ਵਿਚ ਬਲ ਰਹੀ ਹੈ
ਉਹ ਅੱਗ
ਜਿਸ ਦੇ ਸੇਕ ਨਾਲ
ਹਰ ਸ਼ਾਮ ਲਹੂ ਸੰਗ
ਢਲ ਰਹੀ ਹੈ
ਪਤਾ ਨਹੀਂ
ਇਹ ਅੱਗ
ਹੁਣ ਕਦੋਂ ਬੁੱਝ ਪਾਏਗੀ
ਉਹ 'ਕੇਸਰ' ਦੀ ਫ਼ਸਲ
ਮੁੜ ਤੋਂ ਕਦੋਂ ਮਹਿਕਾਏਗੀ ?
ਉਹ ਸਹਿਮੇ ਜਿਹੇ ਸ਼ਿਕਾਰੇ
'ਡੱਲ ਝੀਲ' ਕਿਨਾਰੇ
ਚੁੱਪ-ਚਾਪ ਖੜੇ ਹਨ
ਇਕ ਉਦਾਸੀ ਨੂੰ ਸਮੇਟੇ
ਕਦੋਂ ਆ ਕੇ ਕੋਈ
ਕਸ਼ਮੀਰੀ ਬਾਲਾ
ਉਹਨਾਂ ਨੂੰ ਚਲਾਏਗੀ
ਕੋਈ ਮੁਹੱਬਤਾਂ ਵਾਲਾ ਗੀਤ
ਚੱਪੂ ਸੰਗ ਗਾਏਗੀ
ਸੋਚਾਂ ਵਿੱਚ ਡੁੱਬੇ ਪਰਦੇਸੀ ਨੂੰ
ਮੁੜ ਤੋਂ ਬਲਾਏਗੀ
ਕੋਸੇ-ਕੋਸੇ ਹੰਝੂਆਂ ਸੰਗ
ਕੁਝ ਦਰਦ ਵੰਡਾਏਗੀ ?

**ਸਾਬਕਾ ਡਾਇਰੈਕਟਰ**
**ਹਰਿਆਣਾ ਪੰਜਾਬੀ ਸਾਹਿਤ ਅਕਾਦਮੀ,**
**ਆਰੀਆ ਸਮਾਜ ਰੋਡ, ਸਿਰਸਾ**-125055 (ਹਰਿਆਣਾ)



# ਚੋਣਾਂ ਨੇੜੇ

**ਯੋਰਿੰਦਰ ਸਿੰਗਲਾ**

ਨੌਕਰੀਆਂ ਹੀ ਨੌਕਰੀਆਂ, ਪਰ ਚੋਣਾਂ ਨੇੜੇ
ਆਟੇ ਦਾਲਾਂ ਦੀਆਂ ਟੋਕਰੀਆਂ ਪਰ ਚੋਣਾਂ ਨੇੜੇ।
ਘੱਟ ਵਿਆਜ, ਕਰਜ਼ੇ ਵੀ ਮੁਆਫ਼,
ਮੁਫ਼ਤ ਬਿਜਲੀ ਦੀਆਂ ਚਾਟਰੀਆਂ, ਪਰ ਚੋਣਾਂ ਨੇੜੇ
ਸ਼ਗਨ ਵਧਾਉਣੇ, ਪੈਨਸ਼ਨ ਦੁੱਗਣੀ
ਤੁਸੀਂ ਅਸਾਂ ਦੇ, ਅਸੀਂ ਤੁਸਾਂ ਦੇ, ਪਰ ਚੋਣਾਂ ਨੇੜੇ।
ਹੱਥ ਜੋੜੀਏ, ਘਰ ਘਰ ਆਈਏ
ਪੁਲਿਸ ਦੀ ਡਾਂਗ ਵੀ ਚੁੱਪ ਕਰਾਈਏ, ਪਰ ਚੋਣਾਂ ਨੇੜੇ।
ਸਸਤੀ ਵਿੱਦਿਆ ਮੁਫ਼ਤ ਦਵਾਈਆਂ
ਨੇਤਾ ਚਿੰਤਤ, ਵੋਟਰ ਦੀਆਂ ਚੜਾਈਆਂ ਪਰ ਚੋਣਾਂ ਨੇੜੇ।
ਹਰ ਮੁਸੀਬਤ ਸਮੇਂ ਨਾਲ ਖੜ੍ਹਾਂਗੇ,
ਲੋਕਾਂ ਦੇ ਮਸਲੇ ਹੱਲ ਕਰਾਂਗੇ, ਪਰ ਚੋਣਾਂ ਨੇੜੇ।
ਸਾਈਕਲ, ਬਰਤਨ ਮੁਫ਼ਤ ਵੰਡਣੇ,
ਕਿਰਸਾਨੀ ਦੇ ਦੁੱਖ ਵੰਡਣੇ ਪਰ ਚੋਣਾਂ ਨੇੜੇ।
ਸਸਤੀ ਖੇਤੀ, ਸਸਤਾ ਕਰਜ਼ਾ
ਖੁਦਕੁਸ਼ੀ ਲਈ ਵੱਧ ਮੁਆਵਜ਼ਾ, ਪਰ ਚੋਣਾਂ ਨੇੜੇ।
ਗ਼ਰੀਬ ਦੇ ਦੁੱਖ ਮਿਟਾ ਦੇਵਾਂਗੇ
ਰਾਖਵਾਂ ਕਰਨ ਵਧਾ ਦੇਵਾਂਗੇ, ਪਰ ਚੋਣਾਂ ਨੇੜੇ।
ਨੇਤਾ ਵੋਟਰ ਦੇ ਗਲ ਪਿਆ ਚਿੰਬੜੇ,
ਗੱਲ ਗੱਲ ਤੇ ਮੋਹ ਪਿਆ ਉਮੜੇ, ਪਰ ਚੋਣਾਂ ਨੇੜੇ

102, **ਗਰੀਨ ਐਵੀਨਿਊ,**
**ਬੀਬੀਵਾਲ ਰੋਡ ਬਠਿੰਡਾ,**
95010-00276

◆◆◆

# ਮੇਰਾ ਘਰ

**ਜਗਜੀਤ ਸਿੰਘ ਗੁਰਮ**

ਜਿੱਥੇ
ਬੇ-ਬਸ ਬਾਪ
ਖਾਲੀ ਖਾਲੀ ਨਿਗਾਵਾਂ ਨਾਲ
ਤੱਕਦਾ ਹੈ ਰਾਹ।

ਹਉਕੇ ਭਰਦੀ
ਲਾਚਾਰ ਮਾਂ
ਹੰਝੂਆਂ 'ਚ ਡੁੱਬੀ
ਸਾਂਭਦੀ ਹੈ
ਨਸ਼ਿਆਂ 'ਚ ਗੜੁੱਚ ਜਵਾਨੀ
ਉਹ ਘਰ ਮੇਰਾ ਹੈ।

ਜਿੱਥੇ
ਖਾਲੀ ਬੋਤਲਾਂ
ਖਾਲੀ ਸ਼ੀਸ਼ੀਆਂ
ਟੁੱਟੀਆਂ ਸੂਈਆਂ, ਸਰਿੰਜਾਂ
ਜਲੇ, ਅੱਧ ਜਲੇ
ਚਮਕੀਲੇ ਕਾਗਜ਼ਾਂ ਦਾ ਢੇਰ ਹੈ
ਉਹ ਵੀ
ਘਰ ਮੇਰਾ ਹੈ।

ਜਿੱਥੇ
ਵਿਦਿਕ ਅਦਾਰੇ
ਹਸਪਤਾਲ, ਧਰਮ ਅਸਥਾਨਾਂ
ਦੇ ਬਾਹਰ ਲੱਗੇ
ਵੱਡੇ, ਛੋਟੇ
ਨਸ਼ਿਆਂ ਦੇ ਅੱਡੇ
ਮੂੰਹ ਚਿੜਾਉਂਦੇ ਨੇ
ਆਉਂਦਿਆਂ ਜਾਂਦਿਆਂ ਦੇ।

ਹਰ ਪਾਸੇ
ਬਦ ਕਿਸਮਤ ਜਿਹੀ ਚੁੱਪ ਹੈ
ਧਰਮ ਚੁੱਪ ਹੈ
ਧਰਮੀ ਚੁੱਪ ਹੈ
ਸਰਕਾਰਾਂ ਚੁੱਪ ਨੇ
ਸਮਾਜ ਸੇਵੀ
ਕਰਦੇ ਨੇ ਦਿਖਾਵਾ।
ਵਧੀ ਜਾਂਦੀ ਹੈ।
ਨਸ਼ਿਆਂ ਦੀ ਦਲਦਲ
ਹਨ੍ਹੇਰਾ, ਗੂੜਾ ਹੋਈ ਜਾਂਦਾ ਹੈ
ਹੋਰ ਗੂੜਾ
ਜਿਸਦੇ ਅੱਗੇ
ਦਹਿਕ ਦੇ ਸੂਰਜ ਦੀ ਰੌਸ਼ਨੀ
ਚੰਨ ਦੀ ਸ਼ੀਤਲਤਾ ਭਰੀ ਚਾਨਣੀ
ਤਾਰਿਆਂ ਦੀ ਮੱਧਮ ਲੋਅ
ਵੀ ਬੇ-ਬਸ ਹੈ
ਮੈਂ
ਇਸ ਘਰ ਦਾ ਵਾਸੀ ਹਾਂ।

ਮੇਰੇ ਘਰ ਨੂੰ
ਮਿਲੀ ਸੀ ਸੌਗਾਤ
ਪੰਜ ਪਾਣੀਆਂ ਦੀ
ਹੁਣ
ਉਹ ਪਾਣੀ ਵੀ ਮਾਰਦੇ ਨੇ ਬਦਬੋ



ਕਿਨਾਰੇ ਖੁਰਦੇ ਜਾਂਦੇ ਨੇ
ਢਹਿੰਦੇ ਜਾਂਦੇ ਨੇ
ਕਿਉਂਕਿ
ਰੋਕਣ ਵਾਲਾ
ਕੋਈ ਨਹੀਂ
ਇਨ੍ਹਾਂ ਤੇ ਚਲਦੀਆਂ
ਸ਼ਰਾਬ ਦੀਆਂ ਭੱਠੀਆਂ।

ਮੇਰਾ ਘਰ
ਸੜ ਰਿਹਾ ਹੈ
ਗਰਕ ਰਿਹਾ ਹੈ
ਮਰ ਰਿਹਾ ਹੈ
ਮੈਂ
ਇਸ ਘਰ ਦਾ ਵਾਸੀ ਹਾਂ
ਜਿਥੇ
ਸਹਿਕਦੀਆਂ
ਲਾਸ਼ਾਂ ਦੇ ਢੇਰ ਹੈ।

**ਮਕਾਨ ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ,**
**ਬਸਤੀ ਜੋਧੇਵਾਲ, ਲੁਧਿਆਣਾ।**
ਮੋ. 099147-01668

◆◆◆

# ਦੋ ਰੁਬਾਈਆਂ

**ਬਿਸਮਿਲ ਫਰੀਦਕੋਟੀ**
**(1926-1974)**

ਹੱਕ ਸੱਚ ਦੀ ਪਰਭਾਤ ਬਣੇ ਫਿਰਦੇ ਨੇ!
ਪੀਰਾਂ ਦੀ ਕਰਾਮਾਤ ਬਣੇ ਫਿਰਦੇ ਨੇ!
ਸਰਮਾਏ ਦੇ ਜਾਦੂ ਦਾ ਤਮਾਸ਼ਾ ਵੇਖੋ!
ਜੱਲਾਦ ਵੀ ਸੁਕਰਾਤ ਬਣੇ ਫਿਰਦੇ ਨੇ!

ਅੰਨ੍ਹੇ ਦਿਆਂ ਨੈਣਾਂ 'ਚ ਖੁਮਾਰ ਆਇਆ ਏ!
ਗੰਜੀ ਨੂੰ ਵੀ ਕੰਘੀ 'ਤੇ ਪਿਆਰ ਆਇਆ ਏ!
ਵੇਚੇ ਸੀ ਜਿਨ੍ਹਾਂ ਆਪਣੇ ਸ਼ਹੀਦਾਂ ਦੇ ਕਫ਼ਨ!
ਉਨ੍ਹਾਂ ਦਾ ਵਜ਼ੀਰਾਂ 'ਚ ਸ਼ੁਮਾਰ ਆਇਆ ਏ!
('ਖੋਲਦੇ ਸਾਗਰ ਵਿੱਚੋਂ')

◆◆◆

# ਦੋਹੇ

**ਮਹਿੰਦਰ ਮਾਨ**

ਨਸ਼ਿਆਂ ਨੇ ਲੈ ਲਿਆ ਜਿਸ ਦਾ ਇੱਕੋ ਪੁੱਤ ਜਵਾਨ,
ਇਸ ਵਿੱਚ ਕਿਸ ਦਾ ਦੋਸ਼ ਹੈ ? ਉਹ ਸਕਿਆ ਨਾ ਜਾਣ।
ਪਿਉ ਦੀ ਜਾਇਦਾਦ ਤੇ ਜੇ ਕਰ ਤੂੰ ਸਮਝੇਂ ਆਪਣਾ ਹੱਕ,
ਪਿਉ ਨੂੰ ਤੂੰ ਹੀ ਸੰਭਾਲਣਾ, ਇਹ ਵੀ ਮਨ ਵਿੱਚ ਰੱਖ।

ਤੂੰ ਦਿਲ ਵਿੱਚੋ ਕਾਹਤੋਂ ਰੱਖਿਆ ਨਫ਼ਰਤ ਦਾ ਅੰਗਿਆਰ,
ਜੇ ਇਸ ਨੂੰ ਬਾਹਰ ਨਾ ਕੱਢਿਆ, ਆਪ ਬਹੇਂਗਾ ਸਾੜ।
ਲੋਕ ਬੜੇ ਚਾਅ ਨਾਲ ਪੜ੍ਹਦੇ ਨੇ ਉਹ ਅਖ਼ਬਾਰ,
ਜਿਹੜੀ ਸਾਂਝੀਵਾਲਤਾ ਦਾ ਸਦਾ ਕਰਦੀ ਹੈ ਪਰਚਾਰ।
ਜਿਸ ਦਾ ਡਾਕਟਰ ਇਲਾਜ ਕਰਦਾ ਹੈ ਨਾਲ ਪਿਆਰ,
ਦਿਨਾਂ ਵਿੱਚ ਹੀ ਠੀਕ ਹੋ ਜਾਂਦਾ ਹੈ ਉਹ ਬੀਮਾਰ।
ਲਾਂਭੇ ਹੋ ਗਏ ਦਾਜ ਦੇ ਲਾਲਚੀ ਆਪ ਉਸ ਨੂੰ ਮਾਰ,
ਜ਼ਹਿਰ ਖਾ ਕੇ ਮਰੀ ਨਹੀਂ ਸੱਜ ਵਿਆਹੀ ਨਾਰ।
ਪਿਉ ਮਰੇ ਤੇ ਜਿਸ ਦੀਆਂ ਅੱਖਾਂ ਹੋਈਆਂ ਨਾ ਨਮ,
ਘਰ 'ਚ ਰੱਖਿਆ ਕੁੱਤਾ ਮਰੇ ਤੇ ਉਹ ਰੋਵੇ ਛਮ ਛਮ।
ਬਾਜ਼ਾਰ ਵਿੱਚ ਜਾ ਕੇ ਬੰਦਾ ਕੁਝ ਨਾ ਸਕੇ ਖਰੀਦ,
ਏਨੀ ਮਹਿੰਗੀ ਹੋ ਗਈ ਹੈ ਅੱਜ ਕੱਲ੍ਹ ਹਰ ਇਕ ਚੀਜ਼।
ਜਿਸ ਰਸਤੇ ਤੇ ਤੁਰਨਾ ਉਹ ਸਾਨੂੰ ਦੱਸੇ ਹੈ ਪਾਪ,
ਉਸ ਰਸਤੇ ਤੇ ਉਹ ਲੁਕ ਲੁਕ ਤੁਰਦਾ ਆਪ।
ਪਾਏ ਜੋ ਰਾਹੋਂ, ਕੁਰਾਹੇ ਉਹ ਕਾਹਦਾ ਦਿਲਦਾਰ ?
ਛੇਤੀ ਤੋਂ ਛੇਤੀ ਉਸ ਤੇ ਕਰਨਾ ਛੱਡੀਏ ਇਤਬਾਰ।

**ਪਿੰਡ ਤੇ ਡਾਕ ਰੱਕੜਾਂ ਢਾਹਾਂ**
(ਸ. ਭ.ਸ. ਨਗਰ) 99158-03554

◆◆◆



# ਗੀਤ

**ਜਗਜੀਤ ਸਿੰਘ ਗੁਰਮ**

ਰਿਸ਼ਤੇ ਮੈਂ ਹੰਢਾਂ ਕੇ ਵੇਖੇ ਨੇ, ਹੁਣ ਦਰਦ ਹੰਢਾ ਕੇ ਵੇਖਾਂਗਾ।
ਨਦੀਆਂ ਨਾਲੇ ਤਾਂ ਲੰਘ ਆਇਆ, ਵਿੱਚ ਸਾਗਰ ਜਾ ਕੇ ਵੇਖਾਂਗਾ।



ਇਹ ਕਿਹੇ ਰਿਸ਼ਤੇ ਨਾਤੇ ਨੇ, ਜੋ ਟੁੱਟਦੇ-ਟੁੱਟਦੇ , ਟੁੱਟਦੇ ਨੇ।
ਜੋ ਰਾਹਾਂ ਵਿੱਚੋਂ ਮਿਲ ਜਾਂਦੇ, ਉਹ ਬਣ ਬਣ ਚਸ਼ਮੇ ਫੁੱਟਦੇ ਨੇ।
ਆਪਣਾ ਕੌਣ ਬੇਗਾਨਾ ਹੈ, ਇਹ ਮਨ ਸਮਝਾ ਕੇ ਵੇਖਾਂਗਾ।
ਹੁਣ ਦਰਦ.................।

ਉਹ ਰਿਸ਼ਤੇ ਦਰਦ ਵਧਾ ਦਿੰਦੇ, ਜੋ ਬਾਤ ਹਿਜ਼ਰ ਦੀ ਪਾਉਂਦੇ ਨੇ।
ਉਹ ਰਿਸ਼ਤੇ ਦਰਦ ਘਟਾ ਦਿੰਦੇ, ਜੋ ਮੋਹ ਦੀ ਮਲ੍ਹਮ ਲਾਉਂਦੇ ਨੇ।
ਕਿੰਞ ਕਰਜ਼ ਉਤਾਰਾਂ ਦੋਹਾਂ ਦਾ, ਦੋਹਾਂ ਦਰ ਜਾ ਕੇ ਵੇਖਾਂਗਾ।
ਹੁਣ ਦਰਦ.........।

ਜੋ ਦਰਦ ਦਾ ਸਾਗਰ ਮਨ ਅੰਦਰ, ਵਿੱਚ ਡੁੱਬਦਾ ਹਾਂ ਕਦੇ ਤਰਦਾ ਹਾਂ।
ਕਦੇ ਮਿਲਦੇ ਮੋਤੀ ਸ਼ਬਦਾਂ ਦੇ, ਕਦੇ ਅੰਦਰੋ ਅੰਦਰੀਂ ਖਰਦਾ ਹਾਂ।
ਕਾਗਜ਼ ਦੀ ਕੋਰੀ ਹਿੱਕ ਉੱਤੇ, ਫੇਰ ਸ਼ਬਦ ਸਜਾ ਕੇ ਵੇਖਾਂਗਾ।
ਹੁਣ ਦਰਦ........।

ਜਿੱਥੇ ਨਾ ਆਪਣੇ ਹਿੱਤ ਉੱਥੇ, ਰਿਸ਼ਤੇ ਕੌਣ ਪੁਗਾਉਂਦਾ ਹੈ।
ਇਹ ਉਹੀ ਬਸ ਪਗਾ ਦੇਵੇ, ਜੋ ਆਪਣੀ ਹੋਂਦ ਮਿਟਾਉਂਦਾ ਹੈ।
ਗੱਲ ਮੰਨੀ ਤੇਰੀ 'ਗੁਰਮਾ' ਵੇ, ਬਸ ਹੋਂਦ ਮਿਟਾ ਕੇ ਵੇਖਾਂਗਾ।

ਰਿਸ਼ਤੇ ਮੈਂ ਹੰਢਾਂ ਕੇ ਵੇਖੇ ਨੇ, ਹੁਣ ਦਰਦ ਹੰਢਾ ਕੇ ਵੇਖਾਂਗਾ।
ਨਦੀਆਂ ਨਾਲੇ ਤਾਂ ਲੰਘ ਆਇਆ, ਵਿੱਚ ਸਾਗਰ ਜਾ ਕੇ ਵੇਖਾਂਗਾ।

99147-01668

◆◆◆

# ਸ੍ਰੀ ਗੁਰੂ ਤੇਗ ਬਹਾਦਰ ਜੀ

**ਅਜੀਤ ਸਿੰਘ ਰਾਹੀ**



ਤੇਗ ਬਹਾਦਰ ਤੇਗ ਦੀ ਭੇਟਾ ਹੋਇਆ ਹੈ।
ਤੇਗ ਬਹਾਦਰ ਜਿਉਂਦਾ ਹੈ ਨਹੀਂ ਮੋਇਆ ਹੈ।

ਉਸ ਹਨ੍ਹੇਰੇ ਵਿੱਚ ਸਿਰ ਦਾ ਸੂਰਜ ਬਣਿਆ ਹੈ।
ਸਾਡੇ ਰਾਹ ਵਿੱਚ ਤਾਂ ਹੀ ਚਾਨਣ ਹੋਇਆ ਹੈ।

ਸੂਰਮਿਆਂ ਦੇ ਸਿਰ ਤੇ ਸੂਰਜ ਹੁੰਦਾ ਹੈ।
ਇਹ ਕੱਟਿਆ ਨਾ ਜਾਵੇ ਨਾ ਇਹ ਮੋਇਆ ਹੈ।

ਕਾਲੇ ਹਨ੍ਹੇਰੇ ਅੰਦਰ ਡੁੱਲਿਆ ਲਾਲ ਲਹੂ।
ਸਾਡੇ ਪੱਥ ਪ੍ਰਦਰਸ਼ਕ ਬਣਿਆ ਹੋਇਆ ਹੈ।

ਕੀ ਹੋਇਆ ਜੇ ਚੰਨ ਦਿੱਲੀ ਵਿੱਚ ਛੁਪਿਆ ਹੈ।
ਵਿੱਚ ਅਨੰਦਪੁਰ ਸੂਰਜ ਉੱਗ ਖਲੋਇਆ ਹੈ।

ਅਸੀਂ ਉਹਨਾਂ ਨੂੰ ਯਾਦ ਹਾਂ ਕਰਦੇ ਰੋ ਰੋ ਕੇ।
ਉਹ ਸਾਡੇ ਲਈ ਹੱਸ ਹੱਸ ਕੇ ਮੋਇਆ ਹੈ।

ਆਜ਼ਾਦੀ ਦਾ ਬੂਟਾ ਵੱਡਾ ਹੋਇਆ ਹੈ।
ਸਿਰ ਦੇ ਕੇ ਉਸ ਵਾਪਸ ਮੋੜ ਲਿਆਂਦਾ ਹੈ।

ਸਦੀਆਂ ਤੋਂ ਜੋ ਮਾਣ ਅਸਾਡਾ ਖੋਇਆ ਹੈ।
ਸੀਸ ਵੱਖਰਾ ਧੜ ਨਾਲੋਂ ਕਰਵਾਇਆ ਹੈ।

ਉਹ ਲੋਕਾਂ ਦੇ ਨਾਲੋਂ ਵੱਖ ਨਾ ਹੋਇਆ ਹੈ।
ਅੰਬਰ ਉੱਤੇ ਤਾਰਾ ਬਣਕੇ ਚਮਕ ਰਿਹਾ।
ਖੂਨ ਸ਼ਹੀਦਾਂ ਧਰਤੀ ਉੱਤੇ ਚੋਇਆ ਹੈ।

◆◆◆



# ਨਜ਼ਾਰੇ ਮੇਰੇ ਪਿੰਡ ਦੇ

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਕਿੰਨੇ ਸੋਹਣੇ ਹੁੰਦੇ ਸੀ ਨਜ਼ਾਰੇ ਮੇਰੇ ਪਿੰਡ ਦੇ,
ਬੇਲੀ ਜਦੋਂ ਬੈਠਦੇ ਸੀ ਸਾਰੇ ਮੇਰੇ ਪਿੰਡ ਦੇ।

ਪੱਠਾ ਦੱਥਾ ਪਾ ਤੇ ਤੇਲ ਬੋਦਿਆਂ ਨੂੰ ਮਾਰ ਕੇ,
ਲਾਲ, ਪੀਲੇ ਸਾਫੇ ਕਈਆਂ ਬੰਨਣੇ ਸੰਵਾਰ ਕੇ,
ਟੌਹਰ ਵਿੱਚ ਛੜੇ ਤੇ ਕਵਾਰੇ ਮੇਰੇ ਪਿੰਡ ਦੇ–
ਕਿੰਨੇ ਸੋਹਣੇ ਹੁੰਦੇ ਸੀ......

ਵੱਖਰਾ ਹੀ ਇਕ ਕੇਹਰੂ ਗੱਪੀ ਕਿਰਦਾਰ ਸੀ,
ਉਹਦੇ ਜੇਹੀ ਗੱਪ ਕੋਈ ਸੱਕਿਆ ਨਾ ਮਾਰ ਸੀ,
ਉਹਨੂੰ ਸਮਝਾਉਂਦੇ ਥੱਕੇ ਹਾਰੇ ਮੇਰੇ ਪਿੰਡ ਦੇ –
ਕਿੰਨੇ ਸੋਹਣੇ ਹੁੰਦੇ ਸੀ......

ਨਿੱਕੇ ਹੁੰਦੇ, ਹੁੰਦੇ ਸੀ ਡੰਗਰ ਜਿੱਥੇ ਚਾਰਦੇ,
ਵਗਦੀ ਸੀ ਨਹਿਰ ਵਿੱਚ ਛਾਲਾਂ ਰੋਜ ਮਾਰਦੇ,
ਖੂਹ, ਟੋਭੇ ਜਾਨ ਤੋਂ ਪਿਆਰੇ ਮੇਰੇ ਪਿੰਡ ਦੇ –
ਕਿੰਨੇ ਸੋਹਣੇ ਹੁੰਦੇ ਸੀ.....।

ਵੱਖ-ਵੱਖ ਜਾਤਾਂ ਭਾਵੇਂ ਪਰ ਬੜਾ ਪਿਆਰ ਸੀ,
ਇਕ ਦੂਜੇ ਤਾਈਂ ਪੂਰਾ ਦਿੰਦੇ ਸਤਿਕਾਰ ਸੀ,
ਨਿੱਘੇ-ਨਿੱਘੇ ਰਿਸ਼ਤੇ ਪਿਆਰੇ ਮੇਰੇ ਪਿੰਡ ਦੇ–
ਕਿੰਨੇ ਸੋਹਣੇ ਹੁੰਦੇ ਸੀ......

"ਖੁੰਡਿਆਂ" ਤੋਂ ਆਏ ਸਾਲ ਪਾਰਸ ਨੂੰ ਬੀਤ ਗਏ,
ਦਿਲ ਵਿਚੋਂ ਪਰ ਅਜੇ ਕਿਤੇ ਨਾ ਉਹ ਮੀਤ ਗਏ,
ਰੱਬ ਵਾਂਗੂੰ ਅੱਜ ਵੀ ਸਹਾਰੇ ਮੇਰੇ ਪਿਡੰ ਦੇ –
ਕਿੰਨੇ ਸੋਹਣੇ ਹੁੰਦੇ ਸੀ......

**ਹਰਦੋਛੰਨੀ ਰੋਡ ਪ੍ਰੇਮ ਨਗਰ, 787/10**
**ਨੇੜੇ ਮਹਿਲਾ ਪੀ.ਸੀਂ:,, ਗੁਰਦਾਸਪੁਰ, ਫੋਨ 09988811681**

◆◆◆

# ਗੀਤ

– ਸਰਦਾਰ ਪੰਛੀ

ਜਿਸ ਨੇ ਵੀ ਹਰਿਮੰਦਰ ਸਾਹਿਬ ਖ਼ੂਨ 'ਚ ਰੰਗਿਆ ਏ।
ਸਿੱਖਾਂ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।

'ਗੁਰ ਅਰਜਨ' ਨੇ ਸਰਬ ਧਰਮ ਦੀ ਰੀਤ ਚਲਾਈ ਸੀ।
ਸਾਈਂ ਮੀਆਂ ਮੀਰ ਤੋਂ ਇਸ ਦੀ ਨੀਂਹ ਰਖਵਾਈ ਸੀ।
ਨਾਲੇ ਰੱਬੀ ਬਾਣੀ ਦੀ ਇਕ ਜੋਤ ਜਗਾਈ ਸੀ।
ਮਾਨਵ-ਮਨ ਦੀ ਹਿਰ ਇਕ ਨੇਰ੍ਹੀ ਗੁੱਠ ਰੁਸ਼ਨਾਈ ਸੀ।

ਫਿਰ ਵੀ ਹੈਂਕੜ ਬਾਜਾਂ ਇਹਦਾ ਬੁਰਾ ਹੀ ਮੰਗਿਆ ਏ।
ਸਿੱਖਾਂ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।

ਬੱਚੇ ਸਿੱਖ ਦੇ ਫੜ ਫੜ ਝਟਕਾਏ ਜਾਂਦੇ ਸੀ।
ਹਾਰ ਆਂਦਰਾਂ ਦੇ ਮਾਵਾਂ ਗਲ ਪਾਏ ਜਾਂਦੇ ਸੀ।
ਬੇਦੋਸ਼ੇ ਸਿੱਖਾਂ ਦੇ ਸਿਰ ਕਟਵਾਏ ਜਾਂਦੇ ਸੀ।
ਹਾਕਮ ਵੱਲੋਂ ਮੁੱਲ ਸਿਰਾਂ ਦੇ ਪਾਏ ਜਾਂਦੇ ਸੀ।

ਜਿਹੜਾ ਵੀ ਸੱਪ ਬਣਕੇ ਸਿੱਖਾਂ ਤਾਈਂ ਡੰਗਿਆ ਏ।
ਸਿੱਖ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।

ਮੱਸਾ ਰੰਘੜ ਹਰਿਮੰਦਰ ਵਿੱਚ ਪਲੰਘ ਡਹਾਉਂਦਾ ਸੀ।
ਆਪਣੇ ਸਾਹਵੇਂ ਇੱਕ ਰੰਡੀ ਦਾ ਨਾਚ ਕਰਾਉਂਦਾ ਸੀ।
ਜੰਗਲਾਂ ਵਿੱਚ ਲੁੱਕੇ ਸਿੰਘਾਂ ਨੇ ਮਤਾ ਪਕਾਇਆ ਸੀ।
ਸੁੱਖਾ ਸਿੰਘ ਮਹਿਤਾਬ ਸਿੰਘ ਨੇ ਬੀੜਾ ਪਾਇਆ ਸੀ।

ਦੋਵੇਂ ਪਹੁੰਚੇ ਪਲੰਘ ਦੇ ਨੇੜੇ ਕੋਈ ਨਾ ਖੰਘਿਆ ਏ।
ਸਿੱਖਾਂ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।

ਮੌਕਾ ਦਿੱਤਾ ਰੱਬ ਨੇ ਸ਼ੇਰਾਂ ਨੇ ਜੋ ਮੰਗਿਆ ਏ।
ਸਿੱਖਾਂ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।
ਜਿਸ ਨੇ ਵੀ ਹਰਿਮੰਦਰ ਸਾਹਿਬ ਖ਼ੂਨ 'ਚ ਰੰਗਿਆ ਏ।
ਸਿੱਖਾਂ ਉਹਦਾ ਸਿਰ ਲਾਹ ਕੇ ਨੇਜ਼ੇ ਤੇ ਟੰਗਿਆ ਏ।

**ਜੇਠੀ ਨਗਰ-ਮਾਲੇਰ ਕੋਟਲਾ ਰੋਡ ਖੰਨਾ 141401 ਪੰਜਾਬ**
94170-91668



# ਰਹਿਣ ਹਸਦੀਆਂ ਮੁਸਕਰਾਉਂਦੀਆਂ ਧੀਆਂ

**ਗੁਰਵਿੰਦਰ ਸੈਣੀ**
**ਮੋ. 94172-25239**



ਜਿਸ ਘਰ ਵੀ ਪੈਰ ਪਾਉਂਦੀਆਂ ਧੀਆਂ।
ਉਸ ਘਰ ਨੂੰ ਰੁਸ਼ਨਾਉਂਦੀਆਂ ਧੀਆਂ।
ਖੁਸ਼ੀਆਂ ਖੇੜੇ, ਬਰਕਤ ਵੰਡਦੀਆਂ,
ਘਰ ਦੇ ਭਾਗ ਜਗਾਉਂਦੀਆਂ ਧੀਆਂ।
ਧੀਆਂ ਨਾਲ ਹੀ ਵਿਹੜੇ ਸੋਂਹਦੇ,
ਘਰ ਵਿੱਚ ਰੌਣਕ ਲਾਉਂਦੀਆਂ ਧੀਆਂ।
ਮੋਹ ਪਿਆਰ ਤੇ ਮਮਤਾ ਵੰਡਦੀਆਂ,
ਰਿਸ਼ਤਿਆਂ ਵਿੱਚ ਨਿੱਘ ਪਾਉਂਦੀਆਂ ਧੀਆਂ।
ਪੀਰ-ਪੈਗੰਬਰ, ਇਹਨਾਂ ਦੇ ਜਾਏ,
ਜਗ ਜਨਨੀ ਅਖਵਾਉਂਦੀਆਂ ਧੀਆਂ।
ਪੜ੍ਹ-ਲਿਖ ਉੱਚੇ ਰੁਤਬੇ ਪਾ ਕੇ,
ਮਾਪਿਆਂ ਦਾ ਮਾਣ ਵਧਾਉਂਦੀਆਂ ਧੀਆਂ।
ਹਰ ਖੇਤਰ ਵਿੱਚ ਕਰਨ ਤਰੱਕੀ,
ਦੇਸ਼ ਦੀ ਸਾਨ ਵਧਾਉਂਦੀਆਂ ਧੀਆਂ।
ਜ਼ਿੰਮੇਵਾਰੀਆਂ ਦਾ ਬੋਝ ਉਠਾਉਂਦੀਆਂ,
ਰਤਾ ਨਹੀਂ ਘਬਰਾਉਂਦੀਆਂ ਧੀਆਂ।
ਪੁੱਤਰ ਧੀਆਂ 'ਚ ਫਰਕ ਨਾ ਕਰੀਏ
ਸਾਰੇ ਫਰਜ਼ ਨਿਭਾਉਂਦੀਆਂ ਧੀਆਂ।
ਨਹੀਓਂ ਧਨ ਬਿਗਾਨਾ ਧੀਆਂ,
ਕਾਰਜ ਸਭ ਨਿਭਾਉਂਦੀਆਂ ਧੀਆਂ।
ਦੋਹਾਂ ਘਰਾਂ ਨੂੰ ਜੋੜੀ ਰੱਖਦੀਆਂ,
ਮੋਹ ਨਿੱਘ ਰਹਿਣ ਵਧਾਉਂਦੀਆਂ ਧੀਆਂ।
ਸੁਖ ਮੰਗਣ ਹਰ ਵੇਲੇ ਸਭ ਦੀ
ਰੱਬ ਦਾ ਸ਼ੁਕਰ ਮਨਾਉਂਦੀਆਂ ਧੀਆਂ।
ਮਾਣ-ਤਾਣ ਇਨ੍ਹਾਂ ਦਾ ਕਰੀਏ,
ਪੂਜਣ ਯੋਗ ਕਹਾਉਂਦੀਆਂ ਧੀਆਂ।
ਰੱਬ ਅੱਗੇ ਅਰਦਾਸ ਹੈ "ਸੈਣੀ"
ਰਹਿਣ ਹੱਸਦੀਆਂ ਮੁਸਕਰਾਉਂਦੀਆਂ ਧੀਆਂ।

# ਗ਼ਜ਼ਲ ਸੱਥ

## ਗ਼ਜ਼ਲ

**ਕੁਲਦੀਪ ਕੌਰ ਚੱਠਾ**



ਲੜਣੋਂ ਪਹਿਲਾਂ ਮੰਨ ਜੇ ਹਾਰ।
ਦੱਸੋ ਉਹ ਕਾਹਦੀ ਸਰਕਾਰ ?

ਕੀ ਬਰਛੀ ਲਾਠੀ ਤਲਵਾਰ ?
ਮੌਕੇ ਦਾ ਹੁੰਦਾ ਹਥਿਆਰ।

ਲੈ ਉਡਦੇ ਨੇ ਪੰਛੀ ਜਾਲ
ਕਰ ਲੈਂਦੀ ਜਦ ਏਕਾ ਡਾਰ।

ਹਰ ਵੇਲੇ ਕੀ ਪਿਆਰ ਦੀ ਗੱਲ ?
ਹੋਰ ਬੜੇ ਮਸਲੇ ਨੇ ਯਾਰ।

ਚੰਗੀ ਨਹੀਂ ਬਹੁਤੀ ਉਠ ਬੈਠ,
ਚੰਗੀ ਨਹੀਂ ਬਹੁਤਾ ਤਕਰਾਰ।

ਝੋਲੀਆਂ ਭਰ ਭਰ ਦਿੰਦੈ ਗ਼ਮ
ਜੋ ਵੀ ਮਿਲਦਾ ਹੈ ਗ਼ਮਖਾਰ।

ਫੁੱਲ ਵਰਗੀ ਉਸ ਦੀ ਗੱਲ ਕੱਥ,
ਰੱਬ ਵਰਗਾ ਉਸਦਾ ਦੀਦਾਰ।

ਆਓ ਉਸ ਨੂੰ ਦਈਏ ਛੇਕ,
ਜੋ ਹੁੰਦਾ ਹੈ ਬੇਟੀ-ਮਾਰ।


ਚੱਠਾ ਜਾਨ ਜਾਏ ਤਾਂ ਜਾਏ
ਜਾਏ ਨਾ ਪਰ ਕੀਤਾ ਇਕਰਾਰ।

94656-52316
ਪਿੰਡ ਗੋਬਿਦਪੁਰ (ਪਾਇਲ)



## ਗ਼ਜ਼ਲ

**ਪ੍ਰੋ. ਜਸਵੰਤ ਸਿੰਘ ਕੈਲਵੀ**



ਵਤਨ ਦੀ ਆਬਰੂ ਖ਼ਾਤਰ ਅਸੀਂ ਸਿਰ ਵਾਰ ਦੇਵਾਂਗੇ,
ਸ਼ਹੀਦਾਂ ਯੋਧਿਆਂ ਤਾਈਂ ਦਿਲੀ ਸਤਿਕਾਰ ਦੇਵਾਂਗੇ,

ਜਿਨ੍ਹਾਂ ਨੇ ਸ਼ਾਨ ਸਾਡੀ ਨੂੰ ਮਿਟਾਇਆ ਦਾਗ਼ ਲਾਇਆ ਹੈ
ਉਨ੍ਹਾਂ ਨੂੰ ਹਾਰ ਨਹੀਂ ਪਾਉਣੇ, ਉਨ੍ਹਾਂ ਨੂੰ ਹਾਰ ਦੇਵਾਂਗੇ।

ਜੁ ਦਰ ਦਰ ਭਟਕਦੇ ਫਿਰਦੇ ਮੈਂ ਪੁੱਛਾਂ ਹਾਕਮਾਂ ਕੋਲੋਂ,
ਅਸੀਂ ਬੇਕਾਰ ਹੱਥਾਂ ਨੂੰ ਕਦੋਂ ਰੁਜ਼ਗਾਰ ਦੇਵਾਂਗੇ ?

ਗਰੀਬੀ ਭੁੱਖ ਮਰੀ ਜੇ ਹੈ, ਅਜ਼ਾਦੀ ਫਿਰ ਅਜ਼ਾਦੀ ਕੀ ?
ਲਿਤਾੜੇ ਲੋਕ ਜੋ ਰੁਲਦੇ, ਕੀ ਸਭ ਨੂੰ ਮਾਰ ਦੇਵਾਂਗੇ ?

ਅਮੀਰੀ ਤੇ ਗਰੀਬੀ ਦਾ ਚਾਲਾਕਾਂ ਫਲਸਫਾ ਘੜਿਆ,
ਗਲਤ ਨੂੰ ਖ਼ਤਮ ਕਰਨਾ ਅੱਜ ਨਵੀਂ ਲਲਕਾਰ ਦੇਵਾਂਗੇ।

ਅਸੀਂ ਇਨਸਾਫ਼ ਦੇ ਹਾਮੀ, ਨਹੀਂ ਚਾਹੁੰਦੇ ਕਿ ਚੁਣ ਚੁਣ ਕੇ
ਕਿਸੇ ਨੂੰ ਫੁੱਲ ਦੇਵਾਂਗੇ, ਕਿਸੇ ਨੂੰ ਖ਼ਾਰ ਦੇਵਾਂਗੇ।

ਜੇ ਮਿਲ ਕੇ ਕੈਲਵੀ ਸਾਰੇ ਕਦਮ ਪੁੱਟੀਏ, ਉਠਾ ਪਰਚਮ,
ਮਿਟਾ ਕੇ ਵਿਤਕਰੇ 'ਸਾਰੇ', ਬਣਾ ਗੁਲਜ਼ਾਰ ਦੇਵਾਂਗੇ।

118/5 ਸ੍ਰੀ ਗੁਰੂ ਅਰਜਨ ਦੇਵ ਨਗਰ
ਫਿਰੋਜ਼ਪੁਰ ਸ਼ਹਿਰ 152002
ਮੋ. 98783-81474

◆◆◆

## ਗ਼ਜ਼ਲ

ਪ੍ਰਤਾਪ "ਪਾਰਸ" ਗੁਰਦਾਸਪੁਰ

ਮਿਲੇ ਕੇ ਹਾਲ ਸੁਣਾਇਆ-ਉਪਰੋਂ-ਉਪਰੋ !,
ਗਲ ਦੇ ਨਾਲ ਹੈ ਲਾਇਆ-ਉਪਰੋਂ-ਉਪਰੋਂ।

ਜੀ ਆਇਆਂ ਨੂੰ ਕਹਿਣਾ ਵੀ ਮਜ਼ਬੂਰੀ ਸੀ,
ਹਾਰ ਗਲੇ ਵਿੱਚ ਪਾਇਆ-ਉਪਰੋਂ-ਉਪਰੋਂ।

ਦਿਲ ਦੀ ਹਾਲਤ ਤੋਂ ਤਾਂ ਉਹ ਵੀ ਜਾਣੂ ਸੀ,
ਦੱਸਕੇ ਫ਼ਰਜ਼ ਨਿਭਾਇਆ - -ਉਪਰੋਂ-ਉਪਰੋਂ।

ਤੇਰੇ ਬਾਝ ਹੈ ਜੀਅ ਨਹੀਂ ਲੱਗਿਆ ਆਪੇ ਤੋਂ,
ਮੈਂ ਵੀ ਪਿਆਰ ਲੁਟਾਇਆ -ਉਪਰੋਂ-ਉਪਰੋਂ।

ਤੋਹਫ਼ੇ ਦੇ ਵਿੱਚ ਲੈ ਗੁਲਦਸਤਾ ਆਇਆ ਜੋ,
ਚੁੰਮ ਸੀਨੇ ਨਾਲ ਲਾਇਆ -ਉਪਰੋਂ-ਉਪਰੋਂ।

ਦੋਹਾਂ ਦੇ ਹੀ ਦਿਲ ਵਿਛੜਨ ਲਈ ਕਾਹਲੇ ਸੀ,
ਕਿੰਨਾ ਈ ਵਕਤ ਬਿਤਾਇਆ -ਉਪਰੋਂ-ਉਪਰੋਂ।

ਜਦ ਆਥਣ ਨੂੰ ਮਹਿਫ਼ਿਲ ਜੰਮੀਂ ਸ਼ਾਇਰੀ ਦੀ,
ਉਹ ਵੀ ਨਾਲ ਬਿਠਾਇਆ-ਉਪਰੋਂ-ਉਪਰੋਂ।

ਸ਼ੇਅਰੋ-ਸ਼ਾਇਰੀ "ਪਾਰਸ" ਕੀਕਣ ਚੱਲਦੀ ਏ,
ਇਕ-ਦੋ ਸ਼ੇਅਰ ਵਿਖਾਇਆ-ਉਪਰੋਂ-ਉਪਰੋਂ।

ਜਦ ਪ੍ਰਸ਼ੰਸਾ ਝੂਠੀ ਜਈ ਉਹ ਕਰਦਾ ਸੀ,
ਅਸਾਂ ਵੀ ਖ਼ੂਬ ਸਲਾਇਆ -ਉਪਰੋਂ-ਉਪਰੋਂ।

ਹਰਦੋਛੰਨੀ ਰੋਡ ਪ੍ਰੇਮ ਨਗਰ, 787-10
ਨੇੜੇ ਮਹਿਤਾ ਪੀ.ਸੀ.ਓ.
ਗੁਰਦਾਸਪੁਰ, ਫ਼ੋਨ 09988811681

◆◆◆



## ਗ਼ਜ਼ਲ

ਸੁਖਵਿੰਦਰ ਸਿੰਘ ਲੋਟੇ
94177-73277



ਸੱਜਣ ਹਾਉਕੇ ਲੈ ਲੈ ਰੋਂਦੇ ਫਿਰਦੇ ਨੇ।
ਅੱਖਾਂ ਵਿੱਚੋਂ ਮੋਤੀ ਖੋਂਦੇ ਫਿਰਦੇ ਨੇ।

ਉਹ ਖ਼ੁਦ ਹੀ ਐਨਾ ਚਾਹ ਬੈਠੇ, ਕੀ ਦੱਸਾਂ,
ਫ਼ੋਟੋ ਸਾਡੀ ਰੋ ਰੋ ਧੋਂਦੇ ਫਿਰਦੇ ਨੇ।

ਇਕ ਦੂਜੇ ਨੂੰ ਉਂਗਲ ਲਾਉਣੀ ਸਿੱਖ ਗਏ,
ਸੂਝ ਨਹੀਂ ਹੈ ਕੰਡੇ ਬੋਂਦੇ ਫਿਰਦੇ ਨੇ।

ਮਜਨੂੰ ਨੇ ਖਾਧੇ ਸੀ ਵੱਟੇ ਲੋਕਾਂ ਤੋਂ,
ਲੋਕੀ ਹੁਣ ਮਹਿਬੂਬ ਲਕੋਂਦੇ ਫਿਰਦੇ ਨੇ।

ਖ਼ੂਬ ਜੁਗਾੜੀ ਬਣਦੇ ਵੇਖੇ ਆਸ਼ਿਕ ਵੀ,
ਨੈਣਾਂ ਰਾਹੀਂ ਚਿਹਰੇ ਚੋਂਦੇ ਫਿਰਦੇ ਨੇ।

ਸੀਨਾ ਛਲਣੀ ਕੀਤਾ ਨੈਣੀਂ ਤੀਰ ਚਲਾ,
ਹੌਂਕੇ ਲੈ ਹੁਣ ਜ਼ਖਮ ਪਰੋਂਦੇ ਫਿਰਦੇ ਨੇ।

◆◆◆

## ਗ਼ਜ਼ਲ

ਬਲਵਿੰਦਰ 'ਬਾਲਮ' ਗੁਰਦਾਸਪੁਰ



ਦਰਿਆਵਾਂ ਦਾ ਸ਼ੋਰ ਮਚਾਏ ਪੈਰੁ ਤਿਰੇ ਦੀ ਝਾਂਜਰ।
ਮਾਰੂਥਲ ਵਿੱਚ ਫੁੱਲ ਖਿੜਾਏ ਪੈਰੁ ਤਿਰੇ ਦੀ ਝਾਂਜਰ।
ਸੁਰ ਗੀਤ ਗ਼ਜ਼ਲ ਕਵਿਤਾ ਨਾਵਲ ਵੀ ਇਸ 'ਚੋਂ ਨਿਕਲੇ ਨੇ,
ਕੁਦਰਤ ਦਾ ਸੰਗੀਤ ਸੁਣਾਏ ਪੈਰੁ ਤਿਰੇ ਦੀ ਝਾਂਜਰ।
ਚਾਰ ਚੁਫੇਰੇ ਇਕ ਤਬਾਹੀ ਵਾਲਾ ਮੰਜ਼ਰ ਉਮੜੇ,
ਜਦ ਕਿਧਰੇ ਤੂਫ਼ਾਨ ਉਠਾਏ ਪੈਰ ਤਿਰੇ ਦੀ ਝਾਂਜਰ,
ਛਣ-ਛਣ ਛਣਕੇ ਤਾਂ ਗੁਲਸ਼ਨ ਵਿੱਚ ਫੁੱਲ ਗੁਲਾਬੀ ਖਿੜਦੇ,
ਮੌਸਮ ਦੀ ਹੈ ਜਾਨ ਬਚਾਏ ਪੈਰੁ ਤਿਰੇ ਦੀ ਝਾਂਜਰ
ਝੀਲ ਕਿਨਾਰੇ ਪਾਣੀ ਦੇ ਵਿੱਚ ਜੰਨਤ ਉੱਤਰ ਆਈ,

ਚੰਦਰਮਾ ਦੀ ਲੋਅ 'ਚ ਨਹਾਏ ਪੈਰ੍ਹ ਤਿਰੇ ਦੀ ਝਾਂਜਰ।
ਤੜਕ ਸਵੇਰੇ ਨੇ ਵੀ ਸਿੱਖਿਆ ਇਸ ਦੇ ਕੋਲੋਂ ਚੜ੍ਹਣਾ,
ਸੂਰਜ ਦੇ ਗਲ ਚੱਕਰ ਪਾਏ ਪੈਰ੍ਹ ਤਿਰੇ ਦੀ ਝਾਂਜਰ।
ਜੀਵਨ ਦੀ ਪਰਿਭਾਸ਼ਾ ਨੇ ਇਸ ਦੇ ਕੋਲੋਂ ਅਰਥ ਲਏ,
ਸਾਰੀ ਦੁਨੀਆਂ ਨਾਲ ਨਚਾਏ ਪੈਰ੍ਹ ਤਿਰੇ ਦੀ ਝਾਂਜਰ।
ਝਣਕ-ਝਣਕ ਜਦ ਗੋਰੇ ਸੁੰਦਰ ਪੈਰਾਂ ਦੇ ਵਿੱਚ ਛਣਕੇ
ਰਾਹੀਆਂ ਦੇ ਦਿਲ ਨੂੰ ਤੜਫਾਏ ਪੈਰ੍ਹ ਤਿਰੇ ਦੀ ਝਾਂਜਰ।
ਟੁੱਟ ਜਾਵੇ ਤਾਂ ਜੀਵਨ ਕੋਲੋਂ ਦੂਰ ਚਲੀ ਹੈ ਜਾਂਦੀ,
ਜੀਵਨ ਕੀ ਹੈ ਇਹ ਸਮਝਾਏ ਪੈਰ੍ਹ ਤਿਰੇ ਦੀ ਝਾਂਜਰ,
ਜਿਸ ਨਾਲ ਸਾਰੀ ਉਮਰ ਗੁਜਾਰਣ ਦਾ ਉਤਸਵ ਲੈਂਦੀ ਪਰ,
ਦਾਜ ਦੇ ਲੋਭੀ ਤੋਂ ਘਬਰਾਏ ਪੈਰ੍ਹ ਤਿਰੇ ਦੀ ਝਾਂਜਰ।
ਸੁੰਦਰ ਰਜਤ ਕਿਨਾਰੀ ਜਦ ਸਾਹਿਲ ਦਾ ਸੀਨਾ ਚੁੰਮੇ,
ਲਹਿਰਾਂ ਨੂੰ ਸੰਗੀਤ ਸਿਖਾਏ ਪੈਰ੍ਹ ਤਿਰੇ ਦੀ ਝਾਂਜਰ।
ਜਿੱਦਾਂ ਗੋਰੀ ਧੁੱਪ ਵਿੱਚ ਬਰਫ਼ ਪਿਘਲਦੀ ਜਾਏ ਏਦਾਂ,
ਸ਼ੀਤਲਤਾ ਵਿੱਚ ਢਲਦੀ ਜਾਏ ਪੈਰ੍ਹ ਤਿਰੇ ਦੀ ਝਾਂਜਰ।
ਦੁਨੀਆਂ ਦੇ ਵਿੱਚ ਜਿੰਨੇ ਵੀ ਅਤਿ ਸੁੰਦਰ ਅਲੰਕਾਰ ਬਣੇ,
ਸਭ ਤੋਂ ਉਤਮੋਤਮ ਕਹਿਲਾਏ ਪੈਰ ਤਿਰੇ ਦੀ ਝਾਂਜਰ।
ਅਚੰਭਿਤ ਕਰਨੇ ਦੀ ਇਸ ਦੇ ਵਿੱਚ ਅਦਭੁਤ ਸ਼ਕਤੀ ਵੀ ਹੈ,
ਸੂਰਜ ਤੋਂ ਆਕਾਸ਼ ਚੁਰਾਏ ਪੈਰ੍ਹ ਤਿਰੇ ਦੀ ਝਾਂਜਰ।
ਜਿਉਂ ਕੰਵਲ ਦੀਆਂ ਪੱਤੀਆਂ ਤੇ ਸ਼ਬਨਮ ਦੀਆਂ ਬੂੰਦਾਂ,
ਏਦਾਂ ਆਪਣਾ ਰੂਪ ਵਿਖਾਏ ਪੈਰ੍ਹ ਤਿਰੇ ਦੀ ਝਾਂਜਰ।
ਜਿੱਦਾਂ ਅਕਾਸ਼ ਗੰਗਾ ਸੁੰਦਰਤਾ ਦੀ ਅਦਭੁਤ ਰਚਨਾ,
ਏਦਾਂ ਦਿਲਕਸ਼ ਮਹਿਮਾ ਪਾਏ ਪੈਰ੍ਹ ਤਿਰ੍ਹੇ ਦੀ ਝਾਂਜਰ।
ਸ਼ਾਸਤਰੀ ਸੰਗੀਤ 'ਚ ਜਦ ਇਹ ਦੇਵੀ ਬਣਕੇ ਛਣਕੇ
ਸਰਵ ਕਲਾ ਸੰਪੂਰਨ ਪਾਏ ਪੈਰ੍ਹ ਤਿਰੇ ਦੀ ਝਾਂਜਰ।
'ਬਾਲਮ' ਨੂੰ ਤਾਂ ਯਾਦਾਂ ਦੀ ਮਹਿਫਲ ਦੇ ਵਿੱਚ ਆ-ਆ ਕੇ
ਫਿਰ ਆਵਾਜ਼ਾਂ ਮਾਰ ਬੁਲਾਏ ਪੈਰ੍ਹ ਤਿਰੇ ਦੀ ਝਾਂਜਰ।

**ਉਂਕਾਰ ਨਗਰ, ਗੁਰਦਾਸਪੁਰ** (ਪੰਜਾਬ)
ਮੋ. 98156-25409

◆◆◆



**ਦਿਲਰਾਜ ਦਰਦੀ**

ਜਿਸਦੇ ਨਾਮ ਵਸੀਅਤ ਹੈ ਖੁਸ਼ੀਆਂ ਖੇੜਿਆਂ ਦੀ
ਮੋਟੀ ਉਹ ਅਸਾਮੀ ਏ ਮਾਲਕ ਬੇੜਿਆਂ ਦੀ

ਸਾਡਾ ਘਰ ਤਾਂ ਜੂਨ ਹੰਡਾਵੇ ਵਾਂਗ ਮਹਾਤੜਾਂ ਦੇ
ਪਰ ਖ਼ੁੱਸੀ ਝੱਲੀ ਜਾਵੇ ਨਾ ਸਾਡੇ ਵਿਹੜਿਆਂ ਦੀ

ਪਹਿਲਾਂ ਵਰਗੇ ਦਿਨ ਕਦੇ ਨਾ ਵਾਪਸ ਆਉਣੇ
ਭਾਜੀ ਪਾਉਣੋਂ ਹੱਟ ਗਏ ਲੋਕੀ ਬੂੰਦੀ ਪੇੜਿਆਂ ਦੀ

ਬਚਪਨ ਨੂੰ ਅੱਜ ਯਾਦ ਕਰਕੇ ਫੁੱਲੀ ਨਾ ਸਮਾਵੇ
ਵੇਖ ਪੁਰਾਣੀ ਫੋਟੋ ਲੱਥੀ ਚਰਖਾ ਗੇੜਿਆਂ ਦੀ
ਉਠ ਸਵੇਰੇ ਨਜ਼ਰ ਜਦ ਮੈਂ ਘੁੰਮਾਵਾਂ ਖੇਤਾਂ ਨੂੰ
ਡਾਰ ਹੀ ਜਾਂਦੀ ਦਿਖਦੀ ਏ ਬਲਦਾਂ ਰੇੜਿਆਂ ਦੀ

ਨਾ ਲਵੀਂ ਜਾਮਨੀ ਵੇ ਦਿਲਾ ਮਹਿਫ਼ਲ ਵਿੱਚ ਉਨਾਂ ਦੀ
ਤੈਨੂੰ ਡੰਗਣ ਵਾਲੇ ਨੇ ਏ ਗੱਲ ਕਰਦੇ ਜੇੜਿਆਂ ਦੀ

ਅਪੀਲ ਕਰਨ ਦਾ ਨਈ ਫਾਇਦਾ ਅਦਾਲਤ ਉਨ੍ਹਾਂ ਦੀ
ਯਾਦਾਂ ਵਾਲੀ ਤਰੀਕ ਤੂੰ ਦਰਦੀ ਜਾਵੇ ਜੇੜਿਆਂ ਦੀ

◆◆◆

## ਮਾਡਰਨ ਗ਼ਜ਼ਲ

**ਰਣਜੀਤ ਆਜ਼ਾਦ ਕਾਂਝਲਾ**

ਬਥੇਰੀ ਕਲਮ-ਘਸਾਈ ਕਰ ਲੀ।
ਅੱਖਰਾਂ ਨਾਲ ਲੜਾਈ ਕਰ ਲੀ!

ਮਿੰਨੀਆਂ-ਮਿੰਨੇ ਨਿਸ਼ਾਨੇ ਸਿੰਨ੍ਹੇ,
ਨਿਬੰਧਾਂ ਨਾਲ ਚਤੁਰਾਈ ਕਰ ਲੀ!

ਗ਼ਜ਼ਲਾਂ ਦਾ ਖ਼ੂਬ ਬਣਾ ਗਜਰੇਲਾ,
ਬਹੁਤ ਮਗਜ਼-ਖਪਾਈ ਕਰ ਲੀ!

ਵਿਅੰਗਾਂ ਦੇ ਛੱਡ ਤੀਰ ਨਿਰਾਲੇ,
ਦੁਨੀਆਂ ਸੰਗ ਰੁਸਾਈ ਕਰ ਲੀ!

ਕਹਾਣੀ ਦੀਆਂ ਵੀ ਤੰਦਾਂ ਬੁਣ ਕੇ,
ਤਾਣੇ ਦੀ ਤਰਪਾਈ ਕਰ ਲੀ!

ਗੀਤ ਲਹਿਰੀਏ ਵਾਲੇ ਰਚ ਕੇ,
ਸੁਰਤਾਲ ਦੀ ਹੈ ਸੁਧਾਈ ਕਰ ਲੀ!

ਸੰਪਾਦਕ ਨੂੰ ਲਿਖ ਚਿੱਠੀ-ਪੱਤਰ,
ਮਨ ਦੀ ਪੂਰੀ ਘਸਾਈ ਕਰ ਲੀ!

ਕਵਿਤਾ ਦੇ ਜਜ਼ਬਾਤੀ ਬੋਲਾਂ 'ਚੋਂ
ਅਕਵਿਤਾ ਨੇ ਰੁਸਵਾਈ ਕਰ ਲੀ!
ਬਾਲ ਕਵਿਤਾਵਾਂ ਬੱਚਿਆਂ ਲਈ,
ਫੁੱਲਾਂ ਨਾਲ ਫੁੱਲਵਾੜੀ ਭਰ ਲੀ!

ਕਾਵਿ ਕਹਾਣੀ ਦੇ ਮਾਣ ਨਜ਼ਾਰੇ,
ਬਾਲਾਂ ਨੇ ਹੈ ਝੋਲੀ ਭਰ ਲੀ!

ਬਾਲ ਕਹਾਣੀ ਰਚਕੇ ਵੀ ਹੈ
ਸੋਹਣੀ ਰੰਗ-ਰੰਗਾਈ ਕਰ ਲੀ!

ਕਹਾਣੀ ਦੇ ਪਾਤਰਾਂ ਨੂੰ ਚਿਤੱਰ ਕੇ
ਮਨ ਦੀ ਖ਼ੂਬ ਸਫ਼ਾਈ ਕਰ ਲੀ!

ਰੇਡੀਓ ਤੇ ਜਾ-ਜਾ ਹੰਭਿਆ,
ਟੀ.ਵੀ. ਤੇ ਵੀ ਹਾਜ਼ਰੀ ਭਰ ਲੀ!

ਨਵੇਂ ਪੁੰਗਰਦੇ ਲੇਖਕਾਂ ਨਾਲ,
ਕਲਮ ਦੀ ਸਾਂਝ ਭਲਾਈ ਕਰ ਲੀ।

ਪੰਜਾਬੀ ਦੇ ਹਰ ਵੱਡੇ-ਛੋਟੇ ਪੇਪਰ,
ਪੂਰੀ ਛਾਪ-ਛਪਾਈ ਕਰ ਲੀ।



ਦੇਸ਼-ਵਿਦੇਸ਼ ਦੇ ਪੱਤਰਾਂ ਵਿੱਚ ਵੀ,
ਨਾਉਂ ਦੀ ਖ਼ੂਬ ਚੜ੍ਹਾਈ ਕਰ ਲੀ!

ਰਚਨਾਵਾਂ ਦੇ ਅਨੁਵਾਦ ਕਰਕੇ ਵੀ,
ਦੂਰ-ਦੂਰ ਤੱਕ ਪੜ੍ਹਾਈ ਕਰ ਲੀ!

ਮੁਕਾਬਲੇ ਉਤਾਰੀਆਂ ਰਚਨਾਵਾਂ ਨੇ,
ਇਨਾਮਾਂ ਲਈ ਕਮਾਈ ਕਰ ਲੀ!

ਉੱਚੇ-ਨੀਵੇਂ ਪੈਂਡੇ ਗੁਜਰ ਕੇ,
ਜੀਵਨ ਦੀ ਅਗਵਾਈ ਕਰ ਲੀ!

ਕਦ ਸਵੇਰਾ-ਦੁਪਹਿਰਾ ਢਲਿਆ?
ਤੀਜੇ ਪਹਿਰ ਚੜ੍ਹਾਈ ਕਰ ਲੀ!

ਕਾਲਿਆਂ ਤੋਂ ਹੋ ਗਏ ਨੇ ਬੱਗੇ,
ਖਿਜ਼ਾਬ ਲਾ ਸੁਧਾਈ ਕਰ ਲੀ!
ਮਿੰਨੇ ਹਾਸੇ-ਮੀਟੇ ਬੁੱਲ੍ਹੀਂ ਕੀ ਹੈ?
ਨੈਣਾਂ ਨੇ ਚਤੁਰਾਈ ਕਰ ਲੀ!

ਹੱਥ ਕੰਬਦੇ ਤੇ ਦੇਹੀ ਢਿਲਕੀ
ਨਜ਼ਰ ਐਨਕ ਲਾਈ ਕਰ ਲੀ।
ਕੰਨਾਂ ਵੀ ਬੇਵਸੀ ਪ੍ਰਗਟਾਈ,
ਦੰਦਾਂ ਪੂਰੀ ਘਸਾਈ ਕਰ ਲੀ!

ਬਹੁਤ ਖਾ ਕੇ ਹਜ਼ਮ ਨਾ ਹੋਵੇ,
ਕਾਹਦੀ ਪੇਟ-ਭਰਾਈ ਕਰ ਲੀ!

ਕਬੀਲਦਾਰੀ ਦੀ ਬੋਝਲ ਗੱਡੀ,
ਅਗਲੇ ਪੜਾਅ ਉਤਰਾਈ ਕਰ ਲੀ!

ਰਸਮ ਰਿਵਾਜਾਂ ਮੱਤ ਹੈ ਮਾਰੀ,
ਜ਼ਿੰਦਗੀ ਮਾਂਜ-ਮਜਾਈ ਕਰ ਲੀ!
ਕੇਹੀ ਜ਼ਿੰਦਗੀ ਕੇਹੀ ਦੁਨੀਆ,

ਜੀਵਨ ਚੋਗ-ਚੁਗਾਈ ਕਰ ਲੀ!

ਬੜੇ ਬੜੇ ਸਾਹਿਤਕਾਰਾਂ ਨਾਲ ਬੈਠ,
ਚਰਚਾ ਕਰ ਪੜ੍ਹਾਈ ਕਰ ਲੀ।
ਦੂਰ-ਨੇੜੇ ਦੇ ਸਮਾਗਮਾਂ 'ਚ ਵੀ,
ਹਾਜ਼ਰ ਹੋ ਸੁਣਵਾਈ ਕਰ ਲੀ!

ਭਾਸ਼ਾ ਵਿਭਾਗ ਦਾ ਹਰ ਸਮਾਗਮ
ਹਾਜ਼ਰ ਹੋ ਰੰਗ-ਜਮਾਈ ਕਰ ਲੀ!

ਲਿਖਤਾਂ ਪ੍ਰਤੀ ਹੁੰਗਾਰਾ ਮਿਲਿਆ,
ਕਲਮ ਦੀ ਨੇਕ ਕਮਾਈ ਕਰ ਲੀ!

ਪਿਆਰ ਸਤਿਕਾਰ ਖੇਤਰ 'ਚੋਂ ਮਿਲਿਆ
ਮਾਣ ਸਨਮਾਨ ਦੀ ਝੋਲ ਭਰਲੀ!
'ਆਜ਼ਾਦ' ਨਿਕੰਮਾ ਜਿਨਾਂ ਜਾਣਿਆ
ਉਹਨਾਂ ਵੀ ਖ਼ੂਬ ਕਮਾਈ ਕਰ ਲੀ!

**ਸ਼ਿਵਪੁਰੀ ਧੂਰੀ** (ਪੰਜਾਬ)

◆◆◆



## *ਪੁਸਤਕ ਸਮੀਖਿਆ*

ਪੁਸਤਕ ਦਾ ਨਾਂ- ਰਾਵਨ ਮਰੇ ਨਹੀਂ (ਕਹਾਣੀ ਸੰਗ੍ਰਹਿ)

ਕਹਾਣੀਕਾਰ- ਚੰਨੀ ਚਹਿਲ

ਪੰਨੇ - 80/ ਕੀਮਤ - 120/ ਪਬਲੀਸ਼ਰ - ਪੰਜਾਬੀ ਸਾਹਿਤ ਪਬਲੀਕੇਸ਼ਨ, ਸੰਗਰੂਰ।

ਚੰਨੀ ਚਹਿਲ ਪੰਜਾਬੀ ਕਹਾਣੀ ਦੇ ਖੇਤਰ ਦੀ ਨਵੀਂ ਹਸਤਾਖਰ ਹੈ। ਉਹਨੇ ਆਪਣੇ ਵਲਵਲਿਆਂ ਨੂੰ ਕਹਾਣੀਆਂ ਰਾਹੀਂ ਢਾਲਕੇ ਕਮਲਬੱਧ ਕੀਤਾ ਹੈ। ਉਸ ਦੀ ਕਲਮ ਤੋਂ 'ਰਾਵਣ ਨਹੀਂ ਮਰੇ' ਪਹਿਲ ਪਲੇਠੀ ਪੁਸਤਕ ਸਾਡੇ ਹੱਥਾਂ 'ਚ ਆਈ ਹੈ। ਜਿਸ 'ਚ ਉਹਦੀਆਂ ਤੀਹ ਕੁ ਦੇ ਕਰੀਬ ਕਹਾਣੀਆਂ ਤੇ ਮਿੰਨੀ ਕਹਾਣੀਆਂ ਵਰਗੀਆਂ ਹਨ।

ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ 'ਚ ਵੰਨ-ਸਵੰਨਤਾ ਹੈ। ਜਿਵੇਂ ਕਿਸੇ ਕਹਾਣੀ 'ਚ ਰੁੱਖਾਂ ਦੇ ਵੱਢੇ ਜਾਣ ਦੀ ਗੱਲ ਹੈ। ਕਿਤੇ ਧੀਆਂ ਨੂੰ ਕੁੱਖਾਂ 'ਚ ਮਾ ਦੀ ਬਾਤ ਹੈ। ਕਿਤੇ ਕਿਸਾਨੀ ਦੇ ਮਸਲੇ ਹਨ। ਕਿਤੇ ਅੱਜ ਦੇ ਯੁੱਗ ਦੇ ਮੋਬਾਇਲਾਂ ਦੀ ਗਲਤ ਇਸਤੇਮਾਲ ਨਾਲ ਵਾਪਰਦੀਆਂ ਭਿਆਨਕ ਘਟਨਾਵਾਂ ਹਨ। ਕਿਤੇ ਰਿਸ਼ਤੇ ਕਰਨ ਲਈ ਲੋਕ ਮਿਹਨਤੀਆਂ ਨੂੰ ਛੱਡਕੇ ਪੈਸਿਆਂ ਵਾਲਿਆਂ ਨੂੰ ਤਰਜੀਹ ਦੇਂਦੇ ਦੇਖੇ ਗਏ ਹਨ। ਰੋਜੀ-ਰੋਟੀ ਲਈ ਵਿਦੇਸ਼ਾਂ ਦੀਆਂ ਕਿਸ਼ਤੀਆਂ 'ਚ ਡੁੱਬਦੇ ਨੌਜਵਾਨਾਂ ਦੀ ਹੋਣੀ ਹੈ। ਕਿਤੇ ਪਲੀਤ ਹੋ ਰਹੇ ਪਾਣੀ ਤੇ ਵਾਤਾਵਰਨ ਨੂੰ ਬਚਾਉਣ ਦੀ ਦੁਹਾਈ ਹੈ। ਵਹਿਮਾਂ-ਭਰਮਾਂ 'ਚ ਫਸੇ ਜ਼ਿੰਦਗੀਆਂ ਖ਼ਰਾਬ ਕਰਦੇ ਲੋਕਾਂ ਦੀ ਦਾਸਤਾਨ ਵੀ ਹੈ। ਰਿਸ਼ਤਿਆਂ ਦੀ ਟੁੱਟ-ਭੱਜ ਤੇ ਮਾਸੂਮ ਬੱਚਿਆਂ ਦਾ ਰੁਲਦਾ ਬਚਪਨ ਦੇਖਿਆ ਜਾ ਸਕਦਾ ਹੈ। ਤਨਾਂ-ਮਨਾਂ 'ਚ ਬੈਠੇ ਰਾਵਨ, ਜੋ ਸਮਾਜ 'ਚ ਗੰਦੇ ਫਿਲਾਉਂਦੇ ਤੇ ਘੁਣ ਵਾਂਗੂ ਲੱਗੇ ਹੋਏ ਹਨ। ਪੜ੍ਹੇ-ਲਿਖੇ ਤੇ ਅਫ਼ਸਰ ਮੁੰਡਿਆਂ ਦੇ ਹੁੰਦੇ ਹੋਇਆਂ ਵੀ ਮਾਂ-ਬਾਪ ਦਾ ਬਾਹਰ ਧੱਕੇ ਖਾਣਾ। ਝੂਠ ਤੇ ਸੱਚ ਨੂੰ ਫਰੋਲਦਾ ਬਚਪਨ, ਮਰਿਆਦਾ ਨੂੰ ਭੰਗ ਕਰਦੇ ਮਹਾਂਪੁਰਸ਼, ਮੁਖੌਟੇ ਪਹਿਨੇ ਹੋਏ ਵਿਦਵਾਨ, ਸਿਸਟਮ ਤੋਂ ਅੱਕੇ ਤੇ ਸਲਫਾਸਾਂ ਖਾਂਦੇ ਕਿਸਾਨਾਂ ਦਾ ਖਤਮ ਹੋ ਰਿਹਾ ਜੀਵਨ। ਕਿਤੇ ਚੰਗੀਆਂ ਹੋਣ ਦੇ ਬਾਵਜੂਦ ਮੁੱਲ ਦੀਆਂ ਤੀਵੀਆਂ ਬਾਰੇ ਆਵਾਜ਼ੇ ਕੱਸਣੇ ਤੇ ਕਈ ਥਾਈਂ ਲੋਕਾਂ ਦੀਆਂ ਜ਼ਿੰਦਗੀਆਂ ਗਾਲਦੇ ਨਸ਼ਿਆਂ ਦੇ ਸੌਦਾਗਰ ਹਨ।

ਇਵੇਂ ਭਾਂਤ-ਭਾਂਤ ਦੇ ਵਿਸ਼ਿਆਂ ਵਾਲੀਆਂ ਕਹਾਣੀਆਂ ਬੜਾ ਕੁਝ ਕਹਿ ਜਾਂਦੀਆਂ ਹਨ ਤੇ ਮਨੁੱਖੀ ਮਨ ਨੂੰ ਵਲੂੰਧਰ ਸੁੱਟਦੀਆਂ ਹਨ ਤੇ ਹਿਲਾ ਕੇ ਰੱਖ ਦਿੰਦੀਆਂ ਹਨ।

ਚੰਨੀ ਚਹਿਲ ਦੀ ਇਹ ਪਹਿਲ ਪਲੇਠੀ ਸ਼ੁਰੂਆਤ ਬਹੁਤ ਵਧੀਆ ਹੈ। ਉਹਨੂੰ ਕਹਾਣੀ ਕਹਿਣੀ ਆਉਂਦੀ ਹੈ. ਉਹ ਸੱਚੀ-ਸੁੱਚੀ ਗੱਲ ਸਿੱਧੀ ਹੀ ਕਹਿ ਦੇਂਦੀ ਹੈ। ਉਹਦੇ ਵਿਚਾਰ ਤੇ ਸੋਚ ਦੀ ਉਡਾਰੀ ਬਹੁਤ ਉੱਚੀ ਹੈ। ਉਸ ਵਿੱਚ ਗੱਲ ਕਹਿਣ ਦਾ ਜਿਗਰਾ ਹੈ। ਪਰ ਕਹਾਣੀ ਦਾ ਇਹ ਸ਼ਾਨਦਾਰ ਢੰਗ ਨਹੀਂ ਕਿਹਾ ਜਾ ਸਕਦਾ। ਇਵੇਂ ਇਹ ਕਹਾਣੀ ਨਹੀਂ

ਇਕ ਖ਼ਬਰ ਨੁਮਾ ਜਾਂ ਲੇਖ ਵਾਂਗੂੰ ਹੀ ਬਣਕੇ ਰਹਿ ਜਾਂਦੀ ਹੈ।

ਕਹਾਣੀ ਲਿਖਣ ਲਈ ਕਹਾਣੀ ਕਲਾ ਸਿੱਖਣ ਦੀ ਲੋੜ ਹੁੰਦੀ ਹੈ। ਉਸ ਲਈ ਹੁਣ 'ਚੰਨੀ' ਨੂੰ ਬਹੁਤ ਸਾਰਾ ਤੇ ਉੱਚ ਪਾਏ ਦਾ ਸਾਹਿਤ ਨਿੱਠਕੇ ਪੜ੍ਹਨ ਦੀ ਲੋੜ ਹੈ। ਸਾਡੇ ਕੋਲ ਜਸਵੀਰ ਰਾਣਾ, ਪਰਗਟ ਸਤੌਜ, ਗੁਰਪਾਲ ਲਿਟ, ਜਿੰਦਰ, ਅਣਖੀ, ਗਾਸੋ, ਸੁਖਬੀਰ, ਗੁਰਦਿਆਲ ਸਿੰਘ, ਕੰਵਲ, ਜਸਬੀਰ ਭੁੱਲਰ ਵਰਗੇ ਢੇਰਾਂ ਸਾਰੇ ਸ਼ਾਨਦਾਰ ਕਹਾਣੀਕਾਰ ਹਨ। ਜਿਨ੍ਹਾਂ ਨੂੰ ਬਸ ਪੜ੍ਹਨ ਦੀ ਲੋੜ ਹੈ। ਜਿਸ ਨਾਲ ਉਹ ਛੇਤੀ ਹੀ ਪੰਜਾਬੀ ਦੇ ਚਮਕਦੇ ਕਹਾਣੀਕਾਰਾਂ ਦੀ ਲਾਈਨ 'ਚ ਆ ਖੜ੍ਹੇਗੀ। ਇਵੇਂ ਕਰਨ ਤੋਂ ਬਾਅਦ 'ਜੋ ਚੰਨੀ ਚਹਿਲ ਸਾਡੇ ਸਾਹਮਣੇ ਆਏਗੀ, ਉਸ ਕਹਾਣੀਕਾਰ ਤੇ ਸਾਨੂੰ ਢੇਰਾਂ ਸਾਰਾ ਮਾਣ ਹੋਵੇਗਾ।

**ਡਾ. ਕਰਮਜੀਤ ਸਿੰਘ ਨਡਾਲਾ,**
**ਵਾਲੀਆ ਹਸਪਤਾਲ,**
**ਨਡਾਲਾ (ਕਪੂਰਥਲਾ)**
98151-86532 (ਮੋ.)

◆◆◆

## ਆਰਥਿਕ ਮਦਦ

1. ਸ. ਬਲਾਕਾ ਸਿੰਘ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਡਾਲਾ (ਕਪੂਰਥਲਾ) = 200 ਰੁਪਏ
2. ਸ੍ਰੀ ਪ੍ਰਮੋਦ ਕੁਮਾਰ ਸ਼ਰਮਾ ਹੈੱਡਮਾਸਟਰ ਸਰਕਾਰੀ ਹਾਈ ਸਕੂਲ ਚੱਕੋ ਕੀ (ਕਪੂਰਥਲਾ) = 200 ਰੁਪਏ
3. ਸ. ਬਲਬੀਰ ਸਿੰਘ ਪੁੱਤਰ ਸ. ਬੂਟਾ ਸਿੰਘ ਪਿੰਡ ਮਨਸੂਰਵਾਲ ਡਾ. ਢਿਲਵਾਂ = 200 ਰੁਪਏ
4. ਮਾਸਟਰ ਹਰਮਹਿੰਦਰ ਸਿੰਘ ਵਾਰਡ ਨੰ. 2 ਬੇਗੋਵਾਲ (ਕਪੂਰਥਲਾ) = 1000 ਰੁਪਏ
5. ਸੁਰਿੰਦਰ ਸਿੰਘ ਪੁੱਤਰ ਸ. ਦਰਸ਼ਨ ਸਿੰਘ ਸਰਪੰਚ (ਸੰਤ ਪ੍ਰੇਮ ਸਿੰਘ ਫਿਲਿੰਗ ਸਟੇਸ਼ਨ, ਟਾਂਡਾ ਰੋਡ ਬੇਗੋਵਾਲ = 1000 ਰੁਪਏ
6. ਪਰਵਿੰਦਰਜੀਤ ਸਿੰਘ ਸਰਗੋਧੀਆ ਪੁੱਤਰ ਸ. ਰਜਿੰਦਰ ਸਿੰਘ ਸਰਗੋਧੀਆਪਿੰਡ ਤੇ ਡਾ. ਨਡਾਲਾ (ਕਪੂਰਥਲਾ) - 144624 = 200 ਰੁਪਏ



ਸਤਵਿੰਦਰ ਬੇਗੋਵਾਲੀਆ ਜੀ,

ਸਤਿ ਸ੍ਰੀ ਅਕਾਲ, ਮੈਗਜ਼ੀਨ ਅੰਕ 14 ਮਿਲ ਗਿਆ ਹੈ। ਸੰਪਾਦਕੀ ਕਮਾਲ ਦੀ ਹੈ। ਰਚਨਾਵਾਂ ਤਾਂ ਸਾਰੀਆਂ ਹੀ ਵਧੀਆ ਹਨ ਪਰ ਪ੍ਰੋ. ਹਮਦਰਦਵੀਰ ਨੌਸ਼ਹਿਰੀ ਦਾ ਨਿਬੰਧ 'ਪੱਕੇ ਘਰ ਦੇਈਂ ਬਾਬਲਾ' ਅਤੇ ਕੁਲਦੀਪ ਕੌਰ ਚੱਠਾ ਦੀ ਗ਼ਜ਼ਲ ਕਮਾਲ ਦੇ ਹਨ। ਮੇਰੀ ਗ਼ਜ਼ਲ ਛਾਪਣ ਲਈ ਧੰਨਵਾਦ।

**-ਸੁਖਵਿੰਦਰ ਸਿੰਘ ਲੋਟੇ**
94177-73277

◆◆◆

ਸ੍ਰੀਮਾਨ ਜੀ, ਸਤਿ ਸ੍ਰੀ ਅਕਾਲ

ਰੂਹ ਪੰਜਾਬੀ ਨੇ ਤਾਂ ਰੂਹ ਹੀ ਤਾਜ਼ੀ ਕਰ ਦਿੱਤੀ ਅੰਕ ਜਨਵਰੀ-ਮਾਰਚ 2017 ਪਹਿਲੀ ਵਾਰ ਮਿਲਿਆ ਤੇ ਵਾਰ-ਵਾਰ ਪੜ੍ਹਨ ਨੂੰ ਦਿਲ ਕੀਤਾ, ਮੈਗਜ਼ੀਨ ਦੀ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਦੀ ਅਰਦਾਸ ਕਰਦਾ ਹੋਇਆ। ਦੋ ਮਿੰਨੀ ਕਹਾਣੀਆਂ ਭੇਜ ਰਿਹਾ ਹਾਂ, ਕ੍ਰਿਪਾ ਥੋੜ੍ਹੀ ਤੋਂ ਜਗ੍ਹਾ ਦੇ ਦਿਓ।

**ਧੰਨਵਾਦ**
**ਦਵਿੰਦਰਜੀਤ ਬੁਜਰਗ**
**ਸਾਹਿਤ ਸਭਾ ਜਗਰਾਉਂ**

◆◆◆

ਸੇਵਾ ਵਿੱਚ
ਸੰਪਾਦਕ,
ਰੂਹ ਪੰਜਾਬੀ,
ਬੇਗੋਵਾਲ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਰੂਹ ਪੰਜਾਬੀ ਲਈ ਦੋਹੇ ਭੇਜ ਰਿਹਾ ਹਾਂ। ਜੇਕਰ ਪਸੰਦ ਆ ਜਾਣ, ਤਾਂ ਇਨ੍ਹਾਂ ਨੂੰ ਰੂਹ ਪੰਜਾਬੀ ਵਿੱਚ ਛਾਪਣ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਅਤੇ ਸਤਿਕਾਰ ਸਹਿਤ,

**ਮਿਤੀ** 18-1-2017 99158-03554

◆◆◆